Friday, February 06, 2026

# ਪੰਜਾਬੀ ਜਰਨਲ

# PUNJABI JOURNAL

ਮਾਘ 24, ਨਾਨਕਸ਼ਾਹੀ ਸੰਮਤ: 557 | Volume: 20, Issue: 06| Ph: 604-312-5678
www.punjabijournal.ca, Email: punjabijournal@gmail.com

WCC WESTERN COMMUNITY COLLEGE

ABBOTSFORD
Unit 201, 3670 Townline Rd Abbotsford, BC

SURREY
Unit 201 8318 120 St Surrey, BC

SOUTH SURREY
Unit 204, 15850 24 Avenue, Surrey, BC 0G1

wcc.ca | Tel : 604.594.3500

## ਜਬਰਨ ਵਸੂਲੀ ਦੇ ਮਾਮਲੇ ’ਚ ਪੁਲੀਸ ਗ੍ਰਿਫਤਾਰੀਆਂ ਦਾ ਦੌਰ ਸ਼ੁਰੂ ਕਰੇ: ਡੇਵਿਡ ਈਬੀ




**ਬ੍ਰਿਟਿਸ਼ ਕੋਲੰਬੀਆ**: ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਨੇ ਸਰੀ ਵਿੱਚ ਜਬਰਨ ਵਸੂਲੀ ਨਾਲ ਜੁੜੀ ਵਧ ਰਹੀ ਹਿੰਸਾ ਨੂੰ ਲੈ ਕੇ ਪੁਲਿਸ ਨੂੰ ਸਖ਼ਤ ਅਤੇ ਸਪਸ਼ਟ ਸੁਨੇਹਾ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਗ੍ਰਿਫ਼ਤਾਰੀਆਂ ਤੇਜ਼ ਕੀਤੀਆਂ ਜਾਣ ਅਤੇ ਭਾਈਚਾਰੇ ਨਾਲ ਵਧੇਰੇ ਜਾਣਕਾਰੀ ਸਾਂਝੀ ਕਰਨੀ ਲਾਜ਼ਮੀ ਹੈ, ਤਾਂ ਜੋ ਲੋਕਾਂ ਵਿੱਚ ਬਣਿਆ ਡਰ ਦਾ ਮਾਹੌਲ ਖਤਮ ਕੀਤਾ ਜਾ ਸਕੇ।

ਮੰਗਲਵਾਰ ਨੂੰ ਸਰੀ ਦੇ ਕਾਰੋਬਾਰੀ ਭਾਈਚਾਰੇ ਨਾਲ ਮੀਟਿੰਗ ਤੋਂ ਬਾਅਦ ਹੋਈ ਪ੍ਰੈਸ ਕਾਨਫਰੰਸ ਵਿੱਚ ਪ੍ਰੀਮੀਅਰ ਈਬੀ ਨੇ ਕਿਹਾ ਕਿ ਜਬਰਨ ਵਸੂਲੀ ਦੇ ਮਾਮਲਿਆਂ ਨੂੰ ਲੈ ਕੇ ਭਾਈਚਾਰੇ ਅਤੇ ਕਾਰੋਬਾਰੀਆਂ ਤੋਂ ਮਿਲ ਰਹੀ ਜਾਣਕਾਰੀ, ਪੁਲਿਸ ਵੱਲੋਂ ਜਨਤਕ ਤੌਰ ‘ਤੇ ਦਿੱਤੀ ਜਾ ਰਹੀ ਜਾਣਕਾਰੀ ਨਾਲ ਮੇਲ ਨਹੀਂ ਖਾਂਦੀ। ਉਨ੍ਹਾਂ ਕਿਹਾ ਕਿ ਇਸ ਸੰਚਾਰ ਦੀ ਕਮੀ ਕਾਰਨ ਲੋਕ ਉਲਝਣ ਵਿੱਚ ਹਨ ਅਤੇ ਉਨ੍ਹਾਂ ਨੂੰ ਆਪਣੀ ਸੁਰੱਖਿਆ ਬਾਰੇ ਸ਼ੰਕਾ ਹੈ।

ਪ੍ਰੀਮੀਅਰ ਨੇ ਇਸ ਸਥਿਤੀ ਨੂੰ “ਸਵੀਕਾਰਯੋਗ ਨਹੀਂ” ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਹ ਭਰੋਸਾ ਹੋਣਾ ਚਾਹੀਦਾ ਹੈ ਕਿ ਪੁਲਿਸ ਪੂਰੀ ਤਰ੍ਹਾਂ ਕਾਰਵਾਈ ਕਰ ਰਹੀ ਹੈ ਅਤੇ ਉਨ੍ਹਾਂ ਦੀ ਆਵਾਜ਼ ਸੁਣੀ ਜਾ ਰਹੀ ਹੈ।

ਇਸ ਮਾਮਲੇ ‘ਤੇ ਬੀਸੀ ਸਾਊਥ ਏਸ਼ੀਅਨ ਬਿਜ਼ਨਸ ਅਸੋਸੀਏਸ਼ਨ ਦੀ ਵਾਈਸ ਪ੍ਰੈਜ਼ੀਡੈਂਟ ਪੁਨੀਤ ਸੰਧਰ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਤੋਂ ਚੱਲ ਰਹੀ ਹਿੰਸਾ ਨੇ ਲੋਕਾਂ ਨੂੰ ਡਰ ਅਤੇ ਅਸਹਾਇਤਾ ਦੇ ਅਹਿਸਾਸ ਵਿੱਚ ਧੱਕ ਦਿੱਤਾ ਹੈ, ਜਿੱਥੇ ਰੋਜ਼ਮਰ੍ਹਾ ਦੀ ਜ਼ਿੰਦਗੀ ਵੀ ਅਸੁਰੱਖਿਅਤ ਮਹਿਸੂਸ ਹੋ ਰਹੀ ਹੈ।

ਇਸੇ ਦਿਨ ਪ੍ਰੀਮੀਅਰ ਈਬੀ ਨੇ ਇੱਕ ਨਵੀਂ ਸਲਾਹਕਾਰ ਕਮੇਟੀ ਬਣਾਉਣ ਦਾ ਐਲਾਨ ਵੀ ਕੀਤਾ, ਜੋ ਪੁਲਿਸ ਨਾਲ ਮਿਲ ਕੇ ਕੰਮ ਕਰੇਗੀ। ਇਸ ਕਮੇਟੀ ਦਾ ਮਕਸਦ ਜਾਂਚ ਪ੍ਰਕਿਰਿਆ ਵਿੱਚ ਮੌਜੂਦ ਖਾਮੀਆਂ ਦੀ ਪਛਾਣ ਕਰਨਾ ਅਤੇ ਪੁਲਿਸ ਤੇ ਨਿਵਾਸੀਆਂ ਦਰਮਿਆਨ ਸੰਚਾਰ ਨੂੰ ਬਿਹਤਰ ਬਣਾਉਣਾ ਹੋਵੇਗਾ।

ਇਸ ਤੋਂ ਇਲਾਵਾ, ਸਰੀ ਪੁਲਿਸ ਬੋਰਡ ਵਿੱਚ ਵੀ ਬਦਲਾਅ ਕੀਤੇ ਜਾਣਗੇ। ਸੂਬੇ ਵੱਲੋਂ ਨਿਯੁਕਤ ਚਾਰ ਮੈਂਬਰਾਂ ਨੂੰ ਹਟਾ ਕੇ ਹੁਣ ਨਵੇਂ ਮੈਂਬਰ ਮੇਅਰ ਅਤੇ ਲੋਕ ਸੁਰੱਖਿਆ ਮੰਤਰੀ ਵੱਲੋਂ ਚੁਣੇ ਜਾਣਗੇ।

ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਇਸ ਕਦਮ ਦਾ ਸਵਾਗਤ ਕਰਦਿਆਂ ਕਿਹਾ ਕਿ ਲੰਬੇ ਸਮੇਂ ਤੋਂ ਪ੍ਰਭਾਵਿਤ ਨਿਵਾਸੀਆਂ ਅਤੇ ਕਾਰੋਬਾਰੀਆਂ ਦੀ ਆਵਾਜ਼ ਨੂੰ ਮਜ਼ਬੂਤ ਕਰਨਾ ਬਹੁਤ ਜ਼ਰੂਰੀ ਹੈ।

ਦੂਜੇ ਪਾਸੇ, ਆਰਸੀਐਮਪੀ ਨੇ ਕਿਹਾ ਹੈ ਕਿ ਉਹ ਇਸ ਮਾਮਲੇ ‘ਤੇ ਲਗਾਤਾਰ ਕੰਮ ਕਰ ਰਹੀ ਹੈ ਅਤੇ ਕਮਿਊਨਿਟੀ ਸਲਾਹਕਾਰ ਗਰੁੱਪ ਨਾਲ ਸਾਂਝੇ ਤੌਰ ‘ਤੇ ਕੰਮ ਕਰਨ ਦਾ ਸਵਾਗਤ ਕਰਦੀ ਹੈ।

## ਕੈਨੇਡਾ ਤੇ ਭਾਰਤ ਦੇ ਸੰਬੰਧਾਂ ਨੂੰ ਮੁੜ ਮਜਬੂਤ ਕਰਾਂਗੇ: ਰਾਜਨ ਸਾਹਨੀ



**ਚੰਡੀਗੜ੍ਹ**: “ਕੈਨੇਡਾ ਚਾਹੁੰਦਾ ਹੈ ਕਿ ਭਾਰਤ ਇਹ ਜਾਣੇ ਕਿ ਅਸੀਂ ਭਰੋਸੇਮੰਦ ਭਾਈਵਾਲ ਹਾਂ ਅਤੇ ਸਾਡੇ ਸਬੰਧਾਂ ਦਾ ਭਵਿੱਖ ਸਕਾਰਾਤਮਕ ਅਤੇ ਲਾਭਕਾਰੀ ਹੈ।“ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕੈਨੇਡਾ ਦੇ ਐਲਬਰਟਾ ਸਰਕਾਰ ਦੀ ਕੈਬਨਿਟ ਮੰਤਰੀ ਰਾਜਨ ਸਾਹਨੀ ਨੇ ਚੰਡੀਗੜ੍ਹ ਯੂਨੀਵਰਸਿਟੀ ਦੀ ਆਪਣੀ ਫੇਰੀ ਦੌਰਾਨ ਕੀਤਾ। ਉਨ੍ਹਾਂ ਨੇ ਭਾਰਤ-ਕੈਨੇਡਾ ਸਬੰਧਾਂ ਨੂੰ ਦੁਬਾਰਾ ਮਜ਼ਬੂਤ ਬਣਾਉਣ ਲਈ ਵਪਾਰ, ਸਿੱਖਿਆ, ਊਰਜਾ, ਖੋਜ, ਮਹੱਤਵਪੂਰਨ ਖਣਿਜਾਂ ਅਤੇ ਹੋਰ ਖੇਤਰਾਂ ‘ਤੇ ਕੰਮ ਕਰਨ ਦੀ ਜ਼ਰੂਰਤ ‘ਤੇ ਜ਼ੋਰ ਦਿੱਤਾ।

ਐਲਬਰਟਾ ਸਰਕਾਰ ਦੀ ਕੈਬਨਿਟ ਮੰਤਰੀ ਸਾਹਨੀ ਚੰਡੀਗੜ੍ਹ ਯੂਨੀਵਰਸਿਟੀ ਵਿਖੇ “ਬਿਓਂਡ ਡਿਪਲੋਮੇਸੀ : ਪੀਪਲ, ਨੋਲੇਜ ਐਂਡ ਯੂਥ ਐਜ਼ ਦ ਫ਼ਿਊਚਰ ਆਫ਼ ਇੰਡੀਆ-ਕੈਨੇਡਾ ਰਿਲੇਸ਼ਨਜ਼” ਵਿਸ਼ੇ ‘ਤੇ ਕਰਵਾਏ ਗਏ ਪ੍ਰੋਗਰਾਮ ਵਿੱਚ ਸੰਬੋਧਨ ਕਰ ਰਹੀ ਸੀ, ਜਿੱਥੇ ਉਹ ਇੱਕ ਉੱਚ ਪੱਧਰੀ ਕੈਨੇਡੀਅਨ ਵਫ਼ਦ ਦਾ ਹਿੱਸਾ ਸਨ। ਉਨ੍ਹਾਂ ਨੇ ਭਾਰਤ ਅਤੇ ਕੈਨੇਡਾ ਵਿਚਕਾਰ ਡੂੰਘੇ ਵਪਾਰ, ਅਕਾਦਮਿਕ, ਖੋਜ ਅਤੇ ਆਰਥਿਕ ਸਹਿਯੋਗ ਦੀਆਂ ਸੰਭਾਵਨਾਵਾਂ ਦੀ ਤਲਾਸ਼ ਕਰਨ ਲਈ ਭਾਰਤ ਦਾ ਦੌਰਾ ਕੀਤਾ ਸੀ।

ਇਸ ਸਾਲ ਮਾਰਚ ਵਿੱਚ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਭਾਰਤ ਫੇਰੀ ਬਾਰੇ ਬੋਲਦਿਆਂ ਸਾਹਨੀ ਨੇ ਕਿਹਾ, “”ਪ੍ਰਧਾਨ ਮੰਤਰੀ ਦਾ ਦੌਰਾ ਭਾਰਤ-ਕੈਨੇਡਾ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਆਰਥਿਕ ਸਹਿਯੋਗ ਦੇ ਨਵੇਂ ਖੇਤਰਾਂ ਦੀ ਪਛਾਣ ਕਰਨ ਦਾ ਇੱਕ ਮਹੱਤਵਪੂਰਨ ਮੌਕਾ ਹੈ। ਮਾਰਕ ਕਾਰਨੀ ਦਾ ਇਹ ਦੌਰਾ ਦੋਵੇਂ ਮੁਲਕਾਂ ਵਿਚਾਲੇ ਸਬੰਧਾਂ ਨੂੰ ਨਾ ਸਿਰਫ਼ ਨਵੇਂ ਸਿਰੇ ਤੋਂ ਮਜ਼ਬੂਤ ਬਣਾਵੇਗਾ, ਬਲਕਿ ਵਪਾਰਕ ਰਿਸ਼ਤਿਆਂ ਨੂੰ ਵੀ ਹੋਰ ਡੂੰਘਾ ਕਰੇਗਾ। ਇਸ ਤੋਂ ਇਲਾਵਾ ਦੋਵੇਂ ਮੁਲਕਾਂ ਵਿਚਾਲੇ ਵਪਾਰ, ਸੱਭਿਆਚਾਰਕ ਅਤੇ ਗਿਆਨ ਦੇ ਆਦਾਨ ਪ੍ਰਦਾਨ ਲਈ ਬਹੁਤ ਸੰਭਾਵਨਾਵਾਂ ਹਨ, ਮੈਨੂੰ ਉਮੀਦ ਹੈ ਕਿ ਦੋਵਾਂ ਪ੍ਰਧਾਨ ਮੰਤਰੀਆਂ ਵਿਚਕਾਰ ਇਹ ਮਿਲਣੀ ਫਲਦਾਇਕ ਅਤੇ ਅਗਾਂਹਵਧੂ ਹੋਵੇਗੀ।“

ਦੱਸ ਦਈਏ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਭਾਰਤ ਫੇਰੀ ਦਾ ਐਲਾਨ ਅਜਿਹੇ ਸਮੇਂ ‘ਤੇ ਕੀਤਾ ਗਿਆ ਹੈ, ਜਦੋਂ ਭਾਰਤ ਨੇ ਯੂਰੋਪ ਨਾਲ ਇਤਿਹਾਸ ਦਾ ਸਭ ਤੋਂ ਵੱਡਾ ਵਪਾਰਕ ਸਮਝੌਤਾ ਕੀਤਾ ਹੈ।

SABZI MANDI SUPERMARKET



Chal Chaliye
SABZI MANDI
Chal Chaliye ...

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ
ਅਤੇ ਸਾਫ ਸੁਥਰੀ ਗਰੋਸਰੀ ਲਈ ਹਮੇਸ਼ਾ
ਸਬਜ਼ੀ ਮੰਡੀ ਨੂੰ ਯਾਦ ਰਖੋ

## ਕੈਨੇਡੀਅਨ ਵਫ਼ਦ ਨੇ ਪੰਜਾਬ ਦੇ ਵਿੱਤ ਮੰਤਰੀ ਚੀਮਾ ਨਾਲ ਕੀਤੀ ਮੁਲਾਕਾਤ

**ਚੰਡੀਗੜ੍ਹ**: ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਬੀਤੀ ਸ਼ਾਮ ਪੰਜਾਬ ਭਵਨ ਵਿਖੇ ਕੈਨੇਡਾ ਦੇ ਇੱਕ ਉੱਚ ਪੱਧਰੀ ਵਫ਼ਦ ਦੀ ਮੇਜ਼ਬਾਨੀ ਕੀਤੀ। ਨਵੀਂ ਦਿੱਲੀ ਸਥਿਤ ਕੈਨੇਡਾ ਦੇ ਹਾਈ ਕਮਿਸ਼ਨ ਦੀ ਰਸਮੀ ਬੇਨਤੀ ਤਹਿਤ ਹੋਏ ਇਸ ਮੀਟਿੰਗ ਦੌਰਾਨ ਪੰਜਾਬ ਅਤੇ ਅਲਬਰਟਾ ਸੂਬਿਆਂ ਵਿਚਾਲੇ ਅੰਤਰਰਾਸ਼ਟਰੀ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਆਰਥਿਕ ਸਾਂਝ ਵਧਾਉਣ ‘ਤੇ ਧਿਆਨ ਕੇਂਦਰਿਤ ਕੀਤਾ ਗਿਆ।



ਕੈਨੇਡੀਅਨ ਵਫ਼ਦ ਦੀ ਅਗਵਾਈ ਅਲਬਰਟਾ ਸਰਕਾਰ ਦੀ ਸਵਦੇਸ਼ੀ ਸਬੰਧਾਂ ਬਾਰੇ ਮੰਤਰੀ ਰਾਜਨ ਸਾਹਨੀ ਨੇ ਕੀਤੀ। ਉਨ੍ਹਾਂ ਦੇ ਨਾਲ ਪ੍ਰੀਮੀਅਰ ਦਫ਼ਤਰ ਦੇ ਸਟੇਕਹੋਲਡਰਜ਼ ਐਡਮਿਨਿਸਟ੍ਰੇਟਰ ਜਤਿੰਦਰ ਸਿੰਘ ਤਤਲਾ, ਅਲਬਰਟਾ ਦੀ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਦੇ ਆਗੂ ਦੇ ਸੀਨੀਅਰ ਸਲਾਹਕਾਰ ਹੈਪੀ ਮਾਨ, ਸਵਦੇਸ਼ੀ ਸਬੰਧਾਂ ਦੇ ਵਿਭਾਗ ਵਿੱਚ ਕਾਰਜਕਾਰੀ ਸੰਚਾਲਨ ਦੀ ਕਾਰਜਕਾਰੀ ਨਿਰਦੇਸ਼ਕ ਜੇਨੇਵੀਵ ਟਰਕੋਟ, ਜਗਰੂਪ ਕਾਲੋਂ, ਜਸਵਿੰਦਰ ਗਰੇਵਾਲ ਅਤੇ ਪੁਨੀਤ ਕੁਮਾਰ ਗੋਇਲ ਵੀ ਸ਼ਾਮਲ ਸਨ।

ਮੀਟਿੰਗ ਦੌਰਾਨ ‘ਇਨਵੈਸਟ ਪੰਜਾਬ’ ਦੇ ਅਧਿਕਾਰੀਆਂ ਨੇ ਸੂਬੇ ਵਿੱਚ ਮੌਜੂਦ ਨਿਵੇਸ਼ ਦੇ ਵੱਖ-ਵੱਖ ਮੌਕਿਆਂ ਬਾਰੇ ਵਿਸਤ੍ਰਿਤ ਪੇਸ਼ਕਾਰੀ ਦਿੱਤੀ। ਇੱਕ ਵੀਡੀਓ ਅਤੇ ਪਾਵਰਪੁਆਇੰਟ ਪ੍ਰੈਜ਼ੈਂਟੇਸ਼ਨ ਰਾਹੀਂ ਵਫ਼ਦ ਨੂੰ ਪੰਜਾਬ ਦੇ ਉਦਯੋਗਿਕ ਢਾਂਚੇ ਅਤੇ ਸੂਬਾ ਸਰਕਾਰ ਵੱਲੋਂ ‘ਈਜ਼ ਆਫ ਡੂਇੰਗ ਬਿਜ਼ਨਸ’ (ਕਾਰੋਬਾਰ ਕਰਨ ਦੀ ਸੌਖ) ਨੂੰ ਯਕੀਨੀ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਜਾਣਕਾਰੀ ਦਿੱਤੀ ਗਈ।

ਅਲਬਰਟਾ ਸਰਕਾਰ ਦੀ ਮੰਤਰੀ ਰਾਜਨ ਸਾਹਨੀ ਨੇ ਕਿਹਾ, “ਵਫ਼ਦ ਇਨਵੈਸਟ ਪੰਜਾਬ ਦੀ ਕਾਰਜ ਪ੍ਰਣਾਲੀ ਨੂੰ ਸਮਝਣ ਦਾ ਇੱਛੁਕ ਹੈ ਅਤੇ ਅਸੀਂ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਪੰਜਾਬ ਸਰਕਾਰ ਦੁਆਰਾ ਅਪਣਾਈ ਗਈ ਸਰਗਰਮ ਪਹੁੰਚ ਦੀ ਸ਼ਲਾਘਾ ਕਰਦੇ ਹਾਂ।”

ਉਨ੍ਹਾਂ ਅੱਗੇ ਕਿਹਾ, “ਪੰਜਾਬ ਦਾ ਇਹ ਦੌਰਾ ‘ਇੰਡੀਆ ਐਨਰਜੀ ਵੀਕ’ ਨਾਲ ਜੁੜੇ ਵਫ਼ਦ ਦੇ ਵਿਆਪਕ ਭਾਰਤ ਮਿਸ਼ਨ ਦਾ ਇੱਕ ਅਹਿਮ ਹਿੱਸਾ ਹੈ।

ਇਸ ਦੌਰਾਨ ਸਹਿਯੋਗ ਦੇ ਰਾਹ ਤਲਾਸ਼ਣ ਲਈ ਭਾਰਤ ਦੇ ਪ੍ਰਮੁੱਖ ਕੇਂਦਰਾਂ ਵਿੱਚ ਸੀਨੀਅਰ ਸਰਕਾਰੀ ਆਗੂਆਂ ਅਤੇ ਨਿੱਜੀ ਖੇਤਰ ਦੇ ਭਾਈਵਾਲਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।” ਉਨ੍ਹਾਂ ਇਹ ਵੀ ਕਿਹਾ ਕਿ ਤਕਨਾਲੋਜੀ ਅਤੇ ਨਵੀਨਤਾ ਅਜਿਹੇ ਪ੍ਰਮੁੱਖ ਖੇਤਰ ਹਨ ਜਿੱਥੇ ਅਲਬਰਟਾ ਅਤੇ ਪੰਜਾਬ ਦੁਵੱਲੇ ਵਿਕਾਸ ਲਈ ਸਹਿਯੋਗ ਕਰ ਸਕਦੇ ਹਨ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅਜਿਹੀਆਂ ਲੰਬੇ ਸਮੇਂ ਦੀਆਂ ਕੌਮਾਂਤਰੀ ਸਾਂਝੇਦਾਰੀਆਂ ਬਣਾਉਣ ਲਈ ਪੰਜਾਬ ਦੀ ਵਚਨਬੱਧਤਾ ਨੂੰ ਦੁਹਰਾਇਆ ਜੋ ਸਿਰਫ਼ ਵਪਾਰ ਤੱਕ ਸੀਮਤ ਨਾ ਹੋ ਕੇ ਟਿਕਾਊ ਵਿਕਾਸ ਅਤੇ ਸਾਂਝੀ ਖੁਸ਼ਹਾਲੀ ‘ਤੇ ਕੇਂਦਰਿਤ ਹੋਣ। ਉਨ੍ਹਾਂ ਕਿਹਾ ਕਿ ਪੰਜਾਬ ਅਜਿਹੇ ਸਾਰਥਕ ਸਹਿਯੋਗ ਲਈ ਤਿਆਰ ਹੈ ਜੋ ਦੋਵਾਂ ਸੂਬਿਆਂ ਲਈ ਲਾਹੇਵੰਦ ਹੋਵੇ ਅਤੇ ਨਵੀਨਤਾ-ਸੰਚਾਲਿਤ ਵਿਕਾਸ ਰਾਹੀਂ ਆਰਥਿਕ ਸਬੰਧਾਂ ਨੂੰ ਮਜ਼ਬੂਤ ਕਰੇ।

## ਕੈਨੇਡਾ ਵਿਦੇਸ਼ੀ ਦਖ਼ਲਅੰਦਾਜ਼ੀ ਵਿਰੁੱਧ ਨਿਯਮਾਂ ਦੀ ਉਲੰਘਣਾ ਕਰਨ ‘ਤੇ ’ਤੇ ਠੋਕੇਗਾ ਵੱਡੇ ਜੁਰਮਾਨੇ

**ਓਟਵਾ**: ਕੈਨੇਡਾ ਦੇ ਲੋਕ ਸੁਰੱਖਿਆ ਮੰਤਰੀ ਗੈਰੀ ਆਨੰਦ ਸੰਗਰੀ ਨੇ ਵੀਰਵਾਰ ਨੂੰ ਇੱਕ ਪਾਰਲੀਮੈਂਟਰੀ ਕਮੇਟੀ ਅੱਗੇ ਕਿਹਾ ਕਿ ਵਿਦੇਸ਼ੀ ਦਖ਼ਲਅੰਦਾਜ਼ੀ ਨਾਲ ਸੰਬੰਧਿਤ ਨਵੇਂ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਲਈ ਜੁਰਮਾਨੇ ਕਾਫ਼ੀ ਵਧਾਏ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਨਵੇਂ ਪ੍ਰਸਤਾਵਿਤ ਕਾਨੂੰਨੀ ਢਾਂਚੇ ਨਾਲ ਜੁੜੇ ਨਿਯਮਾਂ ਵਿੱਚ ਤਬਦੀਲੀਆਂ ’ਤੇ ਕੰਮ ਕਰ ਰਹੀ ਹੈ, ਤਾਂ ਜੋ ਘੱਟੋ-ਘੱਟ ਜੁਰਮਾਨੇ ਦੀ ਰਕਮ ਵਧਾਈ ਜਾ ਸਕੇ। ਆਨੰਦ ਸੰਗਰੀ ਨੇ ਕਮੇਟੀ ਨੂੰ ਜਾਣਕਾਰੀ ਦਿੱਤੀ ਕਿ ਹਾਲੇ ਇਹ ਤੈਅ ਨਹੀਂ ਕੀਤਾ ਗਿਆ ਕਿ ਨਵਾਂ ਘੱਟੋ-ਘੱਟ ਜੁਰਮਾਨਾ ਕਿੰਨਾ ਹੋਵੇਗਾ, ਪਰ ਇਹ ਮੌਜੂਦਾ 50 ਡਾਲਰ ਤੋਂ ਜ਼ਰੂਰ ਵੱਧ ਹੋਵੇਗਾ। ਪੱਤਰਕਾਰਾਂ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ 50 ਡਾਲਰ ਸਿਰਫ਼ ਹੇਠਲੀ ਹੱਦ ਸੀ, ਜਦਕਿ ਉੱਪਰਲੀ ਹੱਦ 1 ਡਾਲਰ ਮਿਲੀਅਨ ਤੱਕ ਹੋ ਸਕਦੀ ਹੈ। ਉਨ੍ਹਾਂ ਅਨੁਸਾਰ, ਕਿਸੇ ’ਤੇ ਲੱਗਣ ਵਾਲੇ ਜੁਰਮਾਨੇ ਦੀ ਮਾਤਰਾ ਦਾ ਫ਼ੈਸਲਾ ਨਵੇਂ ਬਣਨ ਵਾਲੇ ਫ਼ੌਰਨ ਇਨਫ਼ਲੂਐਂਸ ਟ੍ਰਾਂਸਪੇਰੈਂਸੀ ਕਮਿਸ਼ਨਰ ਵੱਲੋਂ ਕੀਤਾ ਜਾਵੇਗਾ। ਇਸ ਦੌਰਾਨ ਇਹ ਵੀ ਵੇਖਿਆ ਜਾਵੇਗਾ ਕਿ ਕੀ ਨਿਯਮ ਜਾਣਬੁੱਝ ਕੇ ਤੋੜੇ ਗਏ ਸਨ ਅਤੇ ਕੀ ਪਹਿਲਾਂ ਵੀ ਉਸ ਵਿਅਕਤੀ ਜਾਂ ਸੰਸਥਾ ਵੱਲੋਂ ਕੋਈ ਉਲੰਘਣਾ ਹੋ ਚੁੱਕੀ ਹੈ। ਇਹ ਤਬਦੀਲੀਆਂ ਉਹਨਾਂ ਕਈ ਸੁਝਾਵਾਂ ਵਿੱਚੋਂ ਇੱਕ ਹਨ, ਜੋ ਸਰਕਾਰ ਨੂੰ ਜਨਤਾ ਅਤੇ ਵਿਰੋਧੀ ਪਾਰਟੀਆਂ ਵੱਲੋਂ ਮਿਲੀਆਂ ਹਨ। ਇਨ੍ਹਾਂ ਦਾ ਮੁੱਖ ਉਦੇਸ਼ ਕੈਨੇਡਾ ਅਤੇ ਕੈਨੇਡੀਅਨ ਚੋਣ ਪ੍ਰਣਾਲੀ ਨੂੰ ਵਿਦੇਸ਼ੀ ਦਖ਼ਲਅੰਦਾਜ਼ੀ ਤੋਂ ਮਹਿਫ਼ੂਜ਼ ਰੱਖਣਾ ਹੈ। ਹਾਲਾਂਕਿ, ਆਨੰਦਾਸੰਗਾਰੀ ਨੇ ਇਹ ਨਹੀਂ ਦੱਸਿਆ ਕਿ ਹੋਰ ਕਿਹੜੀਆਂ ਤਬਦੀਲੀਆਂ ’ਤੇ ਵਿਚਾਰ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਆਉਂਦੇ ਕੁਝ ਹਫ਼ਤਿਆਂ ਵਿੱਚ ਕੈਬਿਨੇਟ ਤੋਂ ਮਨਜ਼ੂਰੀ ਮਿਲਣ ਦੀ ਉਮੀਦ ਹੈ, ਜਿਸ ਤੋਂ ਬਾਅਦ ਇਹ ਨਵੇਂ ਨਿਯਮ ਕੈਨੇਡਾ ਗਜ਼ਟ ਵਿੱਚ ਪ੍ਰਕਾਸ਼ਿਤ ਕੀਤੇ ਜਾਣਗੇ। ਇਸ ਕਾਨੂੰਨ ਦੇ ਤਹਿਤ ਇੱਕ ਕਮਿਸ਼ਨਰ ਦੀ ਨਿਯੁਕਤੀ ਅਤੇ ਵਿਦੇਸ਼ੀ ਸਰਕਾਰਾਂ ਲਈ ਕੰਮ ਕਰਨ ਵਾਲਿਆਂ ਦੀ ਇੱਕ ਰਜਿਸਟਰੀ ਬਣਾਈ ਜਾਣੀ ਹੈ।



# PUNJABI JOURNAL

Volume: 19, Issue: 05 || Ph: 604-312-5678 || Friday, January 30, 2026


## ਬੀ.ਸੀ. ’ਚ ਅੱਗ ਕਾਰਨ ਪ੍ਰਭਾਵਿਤ ਸਕੂਲਾਂ ਦੇ ਬੱਚਿਆਂ ਦਾ ਕੀਤਾ ਸਵਾਗਤ

**ਵੈਨਕੂਵਰ**: ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਦੇ ਰੈਜੀਟ ਰੋਡ ਤੇ ਸਥਿਤ ਐਲੀਮੈਂਟਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਵੁਡਲੈਂਡ ਪਾਰਕ ਐਲੀਮੈਂਟਰੀ ਸਕੂਲ ਦੇ ਬੱਚਿਆਂ ਦਾ ਖੁੱਲ੍ਹੇ ਦਿਲ ਨਾਲ ਸ਼ਾਨਦਾਰ ਸਵਾਗਤ ਕੀਤਾ ਗਿਆ।



ਪ੍ਰਾਪਤ ਜਾਣਕਾਰੀ ਅਨੁਸਾਰ ਪਿਛਲੇ ਦਿਨੀ ਵੁਡਲੈਂਡ ਪਾਰਕ ਸਕੂਲ ਦੀ ਇਮਾਰਤ ਨੂੰ ਅਚਨਚੇਤ ਅੱਗ ਲੱਗ ਗਈ ਸੀ ਜਿਸ ਮਗਰੋਂ ਉਥੇ ਮੁਰੰਮਤ ਦਾ ਕੰਮ ਚਲ ਰਿਹਾ ਹੈ ਅਜਿਹੇ ਮਾਹੌਲ ਵਿੱਚ ਉਥੇ ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣੀ ਅਸੰਭਵ ਸੀ ਜਿਸ ਦੇ ਬਦਲ ਵਜੋਂ ਆਰਜੀ ਤੌਰ ਤੇ ਵੁਡਲੈਂਡ ਸਕੂਲ ਦੇ ਬੱਚਿਆਂ ਦੀ ਪੜ੍ਹਾਈ ਰੀਜੈਂਟ ਸਕੂਲ ਦੀ ਇਮਾਰਤ ਵਿੱਚ ਕਰਵਾਉਣ ਦਾ ਫੈਸਲਾ ਲਿਆ ਗਿਆ ਇਸ ਫੈਸਲੇ ਤਹਿਤ ਬੁੱਧਵਾਰ ਨੂੰ ਜਦੋਂ ਵੁਡਲੈਂਡ ਪਾਰਕ ਸਕੂਲ ਦੇ ਬੱਚੇ ਸਕੂਲੀ ਬੱਸਾਂ ਰਾਹੀਂ ਰੇਜੈਂਟ ਰੋਡ ਸਕੂਲ ਪਹੁੰਚੇ, ਤਾਂ ਉੱਥੇ ਪਹਿਲਾਂ ਤੋਂ ਮੌਜੂਦ ਬੱਚਾ ਨੇ ਰੰਗ-ਬਿਰੰਗੇ ਪੋਸਟਰ, ਸੁਆਗਤੀ ਬੈਨਰਾ ਅਤੇ ਤਾੜੀਆਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ। ਇਸ ਦੌਰਾਨ ਬੱਚਿਆਂ ਦੇ ਚਿਹਰਿਆਂ ’ਤੇ ਖੁਸ਼ੀ ਅਤੇ ਹੌਸਲੇ ਦੀ ਝਲਕ ਸਾਫ਼ ਨਜ਼ਰ ਆ ਰਹੀ ਸੀ।

ਸਕੂਲ ਪ੍ਰਸ਼ਾਸਨ ਨੇ ਦੱਸਿਆ ਕਿ ਵੁਡਲੈਂਡ ਪਾਰਕ ਦੇ ਵਿਦਿਆਰਥੀ ਘੱਟੋ-ਘੱਟ ਮਾਰਚ ਦੀ ਛੁੱਟੀ ਤੱਕ ਇੱਥੇ ਹੀ ਕਲਾਸਾਂ ਲੈਣਗੇ, ਜਦ ਤੱਕ ਉਨ੍ਹਾਂ ਦੇ ਸਕੂਲ ਦੀ ਮੁਰੰਮਤ ਪੂਰੀ ਨਹੀਂ ਹੋ ਜਾਂਦੀ। ਇਸ ਦੌਰਾਨ ਦੋਹਾਂ ਸਕੂਲਾਂ ਦੇ ਬੱਚਿਆਂ ਵਿੱਚ ਆਪਸੀ ਸਾਂਝ ਅਤੇ ਦੋਸਤੀ ਹੋਰ ਮਜ਼ਬੂਤ ਹੋਣ ਦੀ ਉਮੀਦ ਹੈ। ਮਾਪਿਆਂ ਅਤੇ ਅਧਿਆਪਕਾਂ ਨੇ ਵੀ ਇਸ ਫੈਸਲੇ ਦੀ ਸ਼ਲਾਘਾ ਕੀਤੀ ਹੈ।

## ਵੈਨਕੂਵਰ ਸਿਟੀ ਕੌਂਸਲ ਨੇ ਆਤਿਸ਼ਬਾਜੀ ਲਈ 2 ਮਿਲੀਅਨ ਡਾਲਰ ਕੀਤੇ ਮਨਜ਼ੂਰੀ

**ਵੈਨਕੂਵਰ**: ਵੈਨਕੂਵਰ ਸਿਟੀ ਕੌਂਸਲ ਨੇ ਗਰਮੀਆਂ ਦੌਰਾਨ ਇਕ ਦਿਨਾਂ ਮੁਫ਼ਤ ਆਤਿਸ਼ਬਾਜ਼ੀ ਸਮਾਗਮ ਕਰਵਾਉਣ ਲਈ ਸ਼ਹਿਰੀ ਫੰਡਾਂ ਵਿਚੋਂ 2 ਮਿਲੀਅਨ ਡਾਲਰ ਖਰਚ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ।

ਇਹ ਫ਼ੈਸਲਾ ਮੇਅਰ ਕੇਨ ਸਿਮ ਦੀ ਪੇਸ਼ਕਸ਼ ‘ਤੇ ਲਿਆ ਗਿਆ, ਜਿਸ ਤੋਂ ਬਾਅਦ ਕੌਂਸਲਰਾਂ ਨੇ ਵੋਟਿੰਗ ਰਾਹੀਂ ਇਸ ਨੂੰ ਮਨਜ਼ੂਰੀ ਦਿੱਤੀ। ਇਹ ਸਮਾਗਮ ਅਗਸਤ ਮਹੀਨੇ ਵਿੱਚ ਕਰਵਾਇਆ ਜਾਵੇਗਾ ਅਤੇ ਆਮ ਲੋਕਾਂ ਲਈ ਪੂਰੀ ਤਰ੍ਹਾਂ ਮੁਫ਼ਤ ਹੋਵੇਗਾ।

ਗੌਰਤਲਬ ਹੈ ਕਿ ਲੰਮੇ ਸਮੇਂ ਤੋਂ ਚੱਲ ਰਹੀ “ਸੈਲੀਬ੍ਰੇਸ਼ਨ ਆਫ਼ ਲਾਈਟ” ਆਤਿਸ਼ਬਾਜ਼ੀ ਲੜੀ ਨੂੰ ਸਰਕਾਰ ਵੱਲੋਂ ਪੂਰੀ ਫੰਡਿੰਗ ਨਾ ਮਿਲਣ ਕਾਰਨ ਰੱਦ ਕਰਨਾ ਪਿਆ ਸੀ। ਇਸ ਤੋਂ ਬਾਅਦ ਸ਼ਹਿਰ ਵਾਸੀਆਂ ਲਈ ਮਨੋਰੰਜਨ ਦੇ ਵਿਕਲਪ ਤੌਰ ‘ਤੇ ਇਹ ਨਵਾਂ ਸਮਾਗਮ ਯੋਜਨਾ ਬੱਧ ਕੀਤਾ ਗਿਆ ਹੈ।

ਸ਼ਹਿਰੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਸਮਾਗਮ ਸਥਾਨਕ ਵਪਾਰ, ਸੈਰ-ਸਪਾਟੇ ਅਤੇ ਭਾਈਚਾਰਕ ਸਰਗਰਮੀਆਂ ਨੂੰ ਉਤਸ਼ਾਹਿਤ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ। ਹਾਲਾਂਕਿ, ਕੁਝ ਕੌਂਸਲਰਾਂ ਅਤੇ ਨਾਗਰਿਕਾਂ ਵੱਲੋਂ ਵੱਡੀ ਰਕਮ ਖਰਚ ਕਰਨ ‘ਤੇ ਸਵਾਲ ਵੀ ਉਠਾਏ ਗਏ ਹਨ।

ਮੇਅਰ ਕੇਨ ਸਿਮ ਨੇ ਕਿਹਾ ਕਿ ਇਹ ਸਮਾਗਮ ਸ਼ਹਿਰ ਦੀ ਰੌਣਕ ਵਧਾਉਣ ਅਤੇ ਲੋਕਾਂ ਨੂੰ ਇਕੱਠਾ ਕਰਨ ਲਈ ਇੱਕ ਮਹੱਤਵਪੂਰਨ ਕਦਮ ਹੈ।

## ਆਨਲਾਈਨ ਗੇਮਿੰਗ ਦੀ ਮਾਰ: ਤਿੰਨ ਭੈਣਾਂ ਨੇ ਨੌਵੀਂ ਮੰਜ਼ਿਲ ਤੋਂ ਛਾਲ ਮਾਰੀ

ਨੌਵੀਂ ਮੰਜ਼ਿਲ ’ਤੇ ਸਥਿਤ ਫਲੈਟ ਦੀ ਬਾਲਕੋਨੀ ਤੋਂ ਕਥਿਤ ਤੌਰ ’ਤੇ ਛਾਲ ਮਾਰਨ ਮਗਰੋਂ ਤਿੰਨ ਨਾਬਾਲਗ ਭੈਣਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਪੁਲੀਸ ਆਨਲਾਈਨ ਕੋਰੀਅਨ ਗੇਮ ਦੀ ਝੱਸ ਸਬੰਧੀ ਪਹਿਲੂਆਂ ਦੀ ਜਾਂਚ ਕਰ ਰਹੀ ਹੈ। ਸਹਾਇਕ ਪੁਲੀਸ ਕਮਿਸ਼ਨਰ (ਸ਼ਾਲੀਮਾਰ ਗਾਰਡਨ) ਅਤੁਲ ਕੁਮਾਰ ਸਿੰਘ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਤਿੰਨੇ ਭੈਣਾਂ ਆਨਲਾਈਨ ਕੋਰੀਅਨ ਗੇਮ ‘ਲਵ ਗੇਮ’ ਖੇਡਣ ਦੀਆਂ ਆਦੀ ਸਨ ਜਿਸ ਵਿੱਚ ਟੀਚੇ ਪੂਰੇ ਕਰਨ ਲਈ ਦਿੱਤੇ ਜਾਂਦੇ ਹਨ।

ਪੁਲੀਸ ਡਿਪਟੀ ਕਮਿਸ਼ਨਰ ਨਿਮਿਸ਼ ਪਟੇਲ ਅਨੁਸਾਰ, ਜਾਂਚ ਪੜਤਾਲ ਤੋਂ ਪਤਾ ਲੱਗਿਆ ਕਿ ਲੜਕੀਆਂ ਕੋਰੀਅਨ ਸਮੱਗਰੀ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਸਨ ਅਤੇ ਮੋਬਾਈਲ ਫੋਨ ’ਤੇ ਲੰਮਾ ਸਮਾਂ ਬਿਤਾਉਂਦੀਆਂ ਸਨ, ਜਦਕਿ ਪਰਿਵਾਰਕ ਮੈਂਬਰਾਂ ਨੂੰ ਮੋਬਾਈਲ ਫੋਨ ਦੀ ਵਰਤੋਂ ’ਤੇ ਇਤਰਾਜ਼ ਸੀ। ਪੁਲੀਸ ਨੂੰ ਤੜਕੇ ਕਰੀਬ ਸਵਾ ਦੋ ਵਜੇ ਹਾਦਸੇ ਦੀ ਜਾਣਕਾਰੀ ਮਿਲੀ। ਮੌਕੇ ’ਤੇ ਪੁੱਜੀ ਪੁਲੀਸ ਨੂੰ ਚੇਤਨ ਕੁਮਾਰ ਦੀਆਂ ਤਿੰਨ ਲੜਕੀਆਂ ਨਿਸ਼ੀਕਾ (16), ਪ੍ਰਾਚੀ (14) ਅਤੇ ਪਾਖੀ (12) ਜ਼ਮੀਨ ’ਤੇ ਖ਼ਨ ਨਾਲ ਲਥਪਥ ਮਿਲੀਆਂ। ਹਸਪਤਾਲ ਲਿਜਾਣ ’ਤੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਤਿੰਨੇ ਲੜਕੀਆਂ ਨਹਾਉਣ ਤੋਂ ਲੈ ਕੇ ਖਾਣਾ ਖਾਣ, ਸੌਣ ਅਤੇ ਸਕੂਲ ਜਾਣ ਤੱਕ ਹਰ ਕੰਮ ਇਕੱਠਿਆਂ ਕਰਦੀਆਂ ਸਨ।

ਪੁਲੀਸ ਨੂੰ ਲੜਕੀਆਂ ਦੀ ਡਾਇਰੀ ਮਿਲੀ ਹੈ ਜਿਸ ਵਿੱਚ ਘਟਨਾ ਨਾਲ ਸਬੰਧਿਤ ਸਮੱਗਰੀ ਹੈ। ਡਾਇਰੀ ’ਚੋਂ ਮਿਲੇ ਇੱਕ ਨੋਟ ’ਚ ਰੋਂਦੇ ਹੋਏ ਚਿਹਰੇ ਦੀ ਇਮੋਜ਼ੀ ਨਾਲ ਲਿਖਿਆ ਹੈ- ‘ਮੁਆਫ਼ ਕਰਨਾ ਪਾਪਾ, ਮੈਨੂੰ ਅਫਸੋਸ ਹੈ’।


WESTERN COMMUNITY COLLEGE

JUMPSTART YOUR CAREER WITH WESTERN COMMUNITY COLLEGE!

TRAIN FOR IN-DEMAND CAREERS IN:

MASSAGE THERAPY
GRADUATE IN 52 WEEKS

AVIATION
EARN YOUR PPL & CPL

PHARMACY TECHNICIAN
HIGH-DEMAND, HIGH-PAYING FIELD

APPLY NOW: WCC.CA




# ਕੈਨੇਡਾ ਵੱਲੋਂ ਵਰਕ ਪਰਮਿਟ ਬੰਦ?

ਟੋਰਾਂਟੋ : ਕੈਨੇਡਾ ਸਰਕਾਰ ਵੱਲੋਂ ਓਪਨ ਵਰਕ ਪਰਮਿਟ ਬੰਦ ਕਰਨ ਬਾਰੇ ਫੈਲੀਆਂ ਅਫ਼ਵਾਹਾਂ ਨੇ ਪੰਜਾਬੀਆਂ ਦੇ ਸਾਹ ਸੁਕਾ ਦਿਤੇ ਅਤੇ ਮੁਲਕ ਦੇ ਵੱਖ-ਵੱਖ ਸ਼ਹਿਰਾਂ ਵਿਚ ਰਹਿੰਦੇ ਆਪਣੇ ਰਿਸ਼ਤੇਦਾਰਾਂ ਜਾਂ ਜਾਣਕਾਰਾਂ ਨੂੰ ਫੋਨ 'ਤੇ ਫੋਨ ਕਰਨ ਲੱਗੇ। ਉਧਰ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਨੂੰ ਬਿਆਨ ਜਾਰੀ ਕਰਦਿਆਂ ਕਹਿਣਾ ਪਿਆ ਕਿ ਸੋਸ਼ਲ ਮੀਡੀਆ 'ਤੇ ਕੀਤੇ ਜਾ ਰਹੇ ਦਾਅਵਿਆਂ ਵਿਚ ਕੋਈ ਦਮ ਨਹੀਂ। ਦੂਜੇ ਪਾਸੇ ਟੋਰਾਂਟੋ ਦੇ ਇਕ ਲਾਇਸੰਸਸ਼ੁਦਾ ਪੈਰਾਲੀਗਲ ਅਪੋਲ ਅਪੁੰਤਰ ਨੇ ਦਾਅਵਾ ਕੀਤਾ ਕਿ ਟੈਂਪਰੇਰੀ ਰੈਜ਼ੀਡੈਂਟਸ ਨੂੰ ਪਰਮਾਨੈਂਟ ਰੈਜ਼ੀਡੈਂਸੀ ਤੱਕ ਪਹੁੰਚਾਉਣ ਲਈ 2021 ਵਿਚ ਆਰੰਭੀ ਓਪਨ ਵਰਕ ਪਰਮਿਟ ਵਾਲੀ ਯੋਜਨਾ ਦਸੰਬਰ 2026 ਵਿਚ ਖ਼ਤਮ ਹੋ ਰਹੀ ਹੈ। ਇੰਮੀਗ੍ਰੇਸ਼ਨ ਮਹਿਕਮੇ ਨੇ ਅਜਿਹੀ ਕਿਸੇ ਯੋਜਨਾ ਦੇ ਖ਼ਤਮ ਹੋਣ ਬਾਰੇ ਆਪਣੇ ਬਿਆਨ ਵਿਚ ਕੋਈ ਜ਼ਿਕਰ ਨਹੀਂ ਕੀਤਾ ਪਰ ਵਸੇਬਾ ਸਲਾਹਕਾਰ ਅਤੇ ਫ਼ਿਲੀਪੀਨੋ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੀ ਕੈਲੀ ਬੌਟੈਨਗਨ ਨੇ ਕਿਹਾ ਕਿ ਲੋਕਾਂ ਦਾ ਮਾਨਸਿਕ ਤਣਾਅ ਵਧਾਇਆ ਜਾ ਰਿਹਾ ਹੈ।

ਅਜਿਹੇ ਹਾਲਾਤ ਵਿਚ ਕੋਈ ਵੀ ਰਿਪੋਰਟ ਸਾਹਮਣੇ ਆਉਣ 'ਤੇ ਲੋਕ ਸਹਿਜੇ ਹੀ ਯਕੀਨ ਕਰ ਲੈਂਦੇ ਹਨ ਅਤੇ ਇੰਮੀਗ੍ਰੇਸ਼ਨ ਵਕੀਲਾਂ ਨੂੰ ਚਾਹੀਦਾ ਹੈ ਕਿ ਲੋਕਾਂ ਨੂੰ ਦਰੁਸਤ ਜਾਣਕਾਰੀ ਮੁਹੱਈਆ ਕਰਵਾਉਣ। ਹੁਣ ਇੰਮੀਗ੍ਰੇਸ਼ਨ ਵਿਭਾਗ ਦੀ ਟਿੱਪਣੀ ਨੂੰ ਘੋਖਿਆ ਜਾਵੇ ਤਾਂ ਉਨ੍ਹਾਂ ਕਿਹਾ ਕਿ 2026 ਦੌਰਾਨ ਓਪਨ ਵਰਕ ਪਰਮਿਟ ਬੰਦ ਹੋਣ ਦੀ ਰਿਪੋਰਟ ਸਰਾਸਰ ਝੂਠ ਹੈ। ਵਰਕ ਪਰਮਿਟ ਦੋ ਕਿਸਮ ਦੇ ਹੁੰਦੇ ਹਨ ਜਿਨ੍ਹਾਂ ਵਿਚੋਂ ਇਕ ਇੰਪਲੌਇਰ ਸਪੈਸੇਫ਼ਿਕ ਵਰਕ ਪਰਮਿਟ ਹੁੰਦਾ ਹੈ ਅਤੇ ਦੂਜਾ ਓਪਨ ਵਰਕ ਪਰਮਿਟ ਹੁੰਦਾ ਹੈ। ਵਧੇਰੇ ਜਾਣਕਾਰੀ ਲਈ ਵਰਕ ਪਰਮਿਟ ਕੈਨੇਡਾ ਡਾਟ ਸੀ.ਏ. ਵੈਬਾਈਟ 'ਤੇ ਵਿਜ਼ਟ ਕੀਤੀ ਜਾ ਸਕਦੀ ਹੈ। ਇੰਮੀਗ੍ਰੇਸ਼ਨ ਮਹਿਕਮੇ ਵੱਲੋਂ ਲੋਕਾਂ ਨੂੰ ਕੂੜ ਪ੍ਰਚਾਰ ਤੋਂ ਸੁਚੇਤ ਰਹਿਣ ਦਾ ਸੱਦਾ ਦਿਤਾ ਗਿਆ ਹੈ ਕਿਉਂਕਿ ਕੁਝ ਸ਼ਾਤਰ ਲੋਕ ਨੌਜਵਾਨਾਂ ਨੂੰ ਠੱਗਣ ਦੇ ਇਰਾਦੇ ਨਾਲ ਅਜਿਹੀਆਂ ਅਫ਼ਵਾਹਾਂ ਫੈਲਾਉਂਦੇ ਹਨ।

ਇਥੇ ਦਸਣਾ ਬਣਣਾ ਹੈ ਕਿ ਪਿਛਲੇ ਦਿਨੀਂ ਫ਼ੀਫਾ ਵਰਲਡ ਕੱਪ ਬਾਰੇ ਵੀ ਅਫ਼ਵਾਹ ਫੈਲ ਗਈ ਅਤੇ ਇੰਮੀਗ੍ਰੇਸ਼ਨ ਵਿਭਾਗ ਨੂੰ ਇਥੇ ਵੀ ਦਖ਼ਲ ਦੇਣਾ ਪਿਆ। ਇੰਮੀਗ੍ਰੇਸ਼ਨ ਵਿਭਾਗ ਨੇ ਫੁੱਟਬਾਲ ਵਰਲਡ ਕੱਪ ਦੇ ਨਾਂ 'ਤੇ ਵੀਜ਼ਾ ਗਾਰੰਟੀ ਦਾ ਦਾਅਵਾ ਕਰਨ ਵਾਲਿਆਂ ਤੋਂ ਸਾਵਧਾਨ ਰਹਿਣ ਵਾਸਤੇ ਆਖਿਆ। ਓਪਨ ਵਰਕ ਪਰਮਿਟ ਬੰਦ ਹੋਣ ਦਾ ਰੌਲਾ ਅਜਿਹੇ ਸਮੇਂ ਪਿਆ ਜਦੋਂ ਕੁਝ ਦਿਨ ਪਹਿਲਾਂ ਹੀ ਕੈਨੇਡਾ ਸਰਕਾਰ ਵੱਲੋਂ ਇੰਮੀਗ੍ਰੇਸ਼ਨ ਟੀਚਿਆਂ ਵਿਚ ਸੋਧ ਕਰਦਿਆਂ ਨਵੇਂ ਵਰ੍ਹੇ ਦੌਰਾਨ ਜਾਰੀ ਹੋਣ ਵਾਲੇ ਵਰਕ ਪਰਮਿਟਸ ਦੀ ਗਿਣਤੀ ਵਧਾ ਕੇ 1 ਲੱਖ 70 ਹਜ਼ਾਰ ਕਰ ਦਿਤੀ ਜਦਕਿ ਐਲ.ਐਮ.ਆਈ.ਏ. ਦੀ ਸ਼ਰਤ ਅਧੀਨ ਟੈਂਪਰੇਰੀ ਫੌਰਨ ਵਰਕਰਜ਼ ਨੂੰ ਸਿਰਫ਼ 60 ਹਜ਼ਾਰ ਵੀਜ਼ੇ ਦੇਣ ਦਾ ਜ਼ਿਕਰ ਕੀਤਾ ਗਿਆ।

# ਸਰੀ ਵਿਚ ਸ਼ੂਟਿੰਗ ਮਗਰੋਂ 3 ਸਾਊਥ ਏਸ਼ੀਅਨ ਕਾਬੂ

ਸਰੀ : ਕੈਨੇਡਾ ਦੀ ਧਰਤੀ 'ਤੇ ਅਤਿ ਮਚਾਉਣ ਵਾਲਿਆਂ ਦਾ ਅੰਤ ਵੀ ਆਖਰਕਾਰ ਨੇੜੇ ਆਉਂਦਾ ਨਜ਼ਰ ਆ ਰਿਹਾ ਹੈ ਅਤੇ ਇਕ-ਇਕ ਕਰ ਕੇ ਪੁਲਿਸ ਦੇ ਜਾਲ ਵਿਚ ਫ਼ਸਦੇ ਜਾ ਰਹੇ ਹਨ। ਜੀ ਹਾਂ, ਸਰੀ ਵਿਖੇ ਪੰਜਾਬੀਆਂ ਦੇ ਘਰਾਂ ਜਾਂ ਕਾਰੋਬਾਰੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਤਿੰਨ ਜਣੇ ਐਤਵਾਰ ਸਵੇਰੇ ਪੁਲਿਸ ਨੇ ਕਾਬੂ ਕਰ ਲਏ। ਸਰੀ ਪੁਲਿਸ ਨੇ ਦੱਸਿਆ ਕਿ 1 ਫ਼ਰਵਰੀ ਨੂੰ ਸਵੇਰੇ ਤਕਰੀਬਨ ਪੌਣੇ ਚਾਰ ਵਜੇ ਲਾਅ ਐਨਫ਼ੋਰਸਮੈਂਟ ਅਫ਼ਸਰ ਕ੍ਰੈਸੈਂਟ ਰੋਡ ਅਤੇ 132 ਸਟ੍ਰੀਟ ਇਲਾਕੇ ਵਿਚ ਗਸ਼ਤ ਕਰ ਰਹੇ ਸਲ ਜਦੋਂ ਇਕ ਘਰ ਦੇ ਬਾਹਰ ਗੋਲੀਆਂ ਚੱਲਣ ਅਤੇ ਅੱਗ ਲੱਗਣ ਦੀ ਇਤਲਾਹ ਮਿਲੀ। ਪੁਲਿਸ ਅਫ਼ਸਰਾਂ ਨੇ ਤੁਰਤ ਹਰਕਤ ਵਿਚ ਆਉਂਦਿਆਂ ਰੇਂਜ ਰੋਵਰ ਗੱਡੀ ਲੱਭ ਲਈ ਜਿਸ ਵਿਚ ਸਵਾਰ ਸ਼ੱਕੀ ਪੈਦਲ ਹੀ ਫ਼ਰਾਰ ਹੋ ਗਏ। ਸ਼ੱਕੀਆਂ ਦੀ ਪੈੜ ਨੱਪਣ ਦੀ ਨਵੀਂ ਰਣਨੀਤੀ ਅਖ਼ਤਿਆਰ ਕਰਦਿਆਂ ਸਨਿਫ਼ਰ ਡੌਗਜ਼ ਲਿਆਂਦੇ ਗਏ ਅਤੇ ਡੈਲਟਾ ਪੁਲਿਸ ਨੂੰ ਮਦਦ ਵਾਸਤੇ ਸੱਦਿਆ ਗਿਆ। ਥੋੜ੍ਹੇ ਹੀ ਸਮੇਂ ਬਾਅਦ 140 ਸਟ੍ਰੀਟ ਅਤੇ 28 ਐਵੇਨਿਊ ਇਲਾਕੇ ਵਿਚ ਤਿੰਨ ਸ਼ੱਕੀ ਸਰੀ ਪੁਲਿਸ ਨੇ ਕਾਬੂ ਕਰ ਲਏ ਜੋ ਇਕ ਟੈਕਸੀ ਵਿਚ ਬੈਠ ਕੇ ਫ਼ਰਾਰ ਹੋਣ ਦਾ ਯਤਨ ਕਰ ਰਹੇ ਸਨ। ਸ਼ੱਕੀਆਂ ਦੀ ਪਛਾਣ ਫ਼ਿਲਹਾਲ ਜਨਤਕ ਨਹੀਂ ਕੀਤੀ ਗਈ ਪਰ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਤਿੰਨੋ ਸਾਊਥ ਏਸ਼ੀਅਨ ਮੂਲ ਦੇ ਦੱਸੇ ਜਾ ਰਹੇ ਹਨ। ਸ਼ੱਕੀਆਂ ਨਾਲ ਸਬੰਧਤ ਦੋ ਗੱਡੀਆਂ ਜ਼ਬਤ ਕਰਨ ਦਾ ਦਾਅਵਾ ਕੀਤਾ ਗਿਆ ਹੈ ਜਿਨ੍ਹਾਂ ਰਾਹੀਂ ਵੱਡਮੁਲੀ ਜਾਣਕਾਰੀ ਸਾਹਮਣੇ ਆ ਸਕਦੀ ਹੈ। ਦੂਜੇ ਪਾਸੇ ਗੋਲੀਬਾਰੀ ਦਾ ਨਿਸ਼ਾਨਾ ਬਣੇ ਘਰ ਦਾ ਨੁਕਸਾਨ ਹੋਇਆ ਹੈ ਪਰ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਸਰੀ ਫਾਇਰ ਸਰਵਿਸਿਜ਼ ਨੇ ਮੌਕੇ 'ਤੇ ਪੁੱਜ ਕੇ ਘਰ ਦੀ ਫ਼ੈਂਸ ਨੇੜੇ ਲੱਗੀ ਅੱਗ ਬੁਝਾ ਦਿਤੀ।

ਸਰੀ ਪੁਲਿਸ ਦੇ ਮੇਜਰ ਕ੍ਰਾਈਮ ਸੈਕਸ਼ਨ ਨੇ ਮਾਮਲਾ ਆਪਣੇ ਹੱਥਾਂ ਵਿਚ ਲੈਂਦਿਆਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਗੋਲੀਬਾਰੀ ਅਤੇ ਅਗਜ਼ਨੀ ਦੇ ਇਸ ਮਾਮਲੇ ਨਾਲ ਸਬੰਧਤ ਕੋਈ ਜਾਣਕਾਰੀ ਹੋਵੇ ਤਾਂ ਜਾਂਚਕਰਤਾਵਾਂ ਨਾਲ ਸੰਪਰਕ ਕੀਤਾ ਜਾਵੇ। ਇਥੇ ਦਸਣਾ ਬਣਦਾ ਹੈ ਕਿ ਜਬਰੀ ਵਸੂਲੀ ਦੇ ਨਾਂ 'ਤੇ ਗੋਲੀਆਂ ਚਲਾਉਣ ਵਾਲਿਆਂ ਨੂੰ ਮੁਲਕ ਵਿਚੋਂ ਕੱਢਣ ਲਈ ਫ਼ੈਡਰਲ ਸਰਕਾਰ ਵੱਲੋਂ ਸਰੀ ਸ਼ਹਿਰ ਲਈ ਵਧੇਰੇ ਪੁਲਿਸ ਅਫ਼ਸਰਾਂ ਅਤੇ 2 ਹੈਲੀਕਾਪਟਰਾਂ ਦੀ ਤੈਨਾਤੀ ਦਾ ਐਲਾਨ ਕੀਤਾ ਗਿਆ ਹੈ। ਲੋਕ ਸੁਰੱਖਿਆ ਮੰਤਰੀ ਗੈਰੀ ਆਨੰਦਸੰਗਰੀ ਨੇ ਪੁਲਿਸ ਅਫ਼ਸਰਾਂ ਦੀ ਤੈਨਾਤੀ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਅਪਰਾਧਕ ਗਿਰੋਹਾਂ ਵਿਰੁੱਧ ਫੈਡਰਲ ਸਰਕਾਰ, ਸੂਬਾ ਸਰਕਾਰ ਅਤੇ ਸਥਾਨਕ ਸਰਕਾਰ ਨੂੰ ਤਾਲਮੇਲ ਅਧੀਨ ਕੰਮ ਕਰਨਾ ਹੋਵੇਗਾ।

ਦੂਜੇ ਪਾਸੇ ਬੀ.ਸੀ. ਐਕਸਟੌਰਸ਼ਨ ਟਾਸਕ ਫ਼ੋਰਸ ਵੱਲੋਂ ਮਾਮਲਿਆਂ ਦੀ ਡੂੰਘਾਈ ਨਾਲ ਪੜਤਾਲ ਕੀਤੀ ਜਾ ਰਹੀ ਹੈ ਅਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੀ ਮਦਦ ਨਾਲ ਗੋਲੀਆਂ ਚਲਾਉਣ ਵਾਲੇ ਡਿਪੋਰਟ ਕੀਤੇ ਜਾ ਰਹੇ ਹਨ।

# ਸਮੁੱਚੇ ਅਕਾਲੀ ਦਲ ਨੂੰ ਮੁੜ ਇਕੱਠਾ ਕਰਾਂਗਾ: ਮਜੀਠੀਆ



ਸ਼੍ਰੋਮਣੀ ਅਕਾਲੀ ਦਲ ਨੂੰ ਕੁਝ ਸਮੇਂ ਤੋਂ ਪੈਦਾ ਹੋਏ ਟਕਰਾਅ ਕਰਕੇ ਢਾਹ ਲੱਗੀ ਹੈ। ਇਸ ਦੌਰਾਨ ਵੱਡੀ ਗਿਣਤੀ ਵਿੱਚ ਸਿਆਸੀ ਆਗੂ ਪਾਰਟੀ ਤੋਂ ਵੀ ਵੱਖ ਹੋ ਗਏ ਹਨ ਪਰ ਹੁਣ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਜੇਲ੍ਹ ਵਿੱਚੋਂ ਬਾਹਰ ਆਉਣ ਮਗਰੋਂ ਸਮੁੱਚੇ ਅਕਾਲੀ ਦਲ ਨੂੰ ਮੁੜ ਇਕੱਠਾ ਕਰਨ ਦਾ ਫੈਸਲਾ ਕੀਤਾ ਹੈ। ਇਸ ਬਾਰੇ ਮਜੀਠੀਆ ਨੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਅਕਾਲੀ ਦਲ ਨਾਲ ਸਬੰਧਤ ਆਗੂਆਂ ਨੂੰ ਮੁੜ ਪਾਰਟੀ ਨਾਲ ਜੋੜਨਗੇ ਅਤੇ ਪਾਰਟੀ ਨੂੰ ਮਜ਼ਬੂਤ ਕਰਨਗੇ।

ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਕਾਬਜ਼ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 'ਆਪ' ਵਿਰੁੱਧ ਬੋਲਣ ਵਾਲਿਆਂ 'ਤੇ ਝੂਠੇ ਪੁਲੀਸ ਕੇਸ ਦਰਜ ਕਰਕੇ ਆਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹ ਦਬਣ ਵਾਲੇ ਨਹੀਂ ਹਨ। 'ਆਪ' ਚਾਹੇ ਉਸ 'ਤੇ ਹੋਰ 5-7 ਕੇਸ ਦਰਜ ਕਰ ਲਵੇ, ਪਰ ਉਹ ਪੰਜਾਬ ਅਤੇ ਪੰਜਾਬੀਆਂ ਦੀ ਗੱਲ ਕਰਦੇ ਰਹਿਣਗੇ। ਉਨ੍ਹਾਂ ਦੀ ਹਮਾਇਤ ਵਿੱਚ ਆਵਾਜ਼ ਚੁੱਕਣ ਵਾਲੇ ਹੋਰਨਾਂ ਸਿਆਸੀ ਆਗੂਆਂ ਦਾ ਵੀ ਧੰਨਵਾਦ ਕੀਤਾ। ਇਸ ਦੌਰਾਨ ਮਜੀਠੀਆ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨਾਲ ਸਬੰਧਤ ਆਗੂ ਵੀ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਖੜ੍ਹੇ ਰਹੇ ਹਨ। ਇਸ ਲਈ ਉਹ ਇਨਸਾਫ਼ਪਸੰਦ ਲੋਕਾਂ ਨੂੰ ਨਾਲ ਲੈ ਕੇ ਪੰਜਾਬ ਦੀ ਰਾਖੀ ਲਈ ਆਵਾਜ਼ ਬੁਲੰਦ ਕਰਨਗੇ।

ਮਜੀਠੀਆ ਦੀ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਅੱਜ ਸਾਰਾ ਦਿਨ ਪਾਰਟੀ ਵਰਕਰਾਂ ਦੀ ਭੀੜ ਲੱਗੀ ਰਹੀ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੀ ਮੁਲਾਕਾਤ ਕਰਨ ਪਹੁੰਚੇ। ਇਸ ਮੌਕੇ ਧਾਮੀ ਵੱਲੋਂ ਬਿਕਰਮ ਸਿੰਘ ਮਜੀਠੀਆ ਅਤੇ ਵਿਧਾਇਕਾ ਗਨੀਵ ਕੌਰ ਮਜੀਠੀਆ ਨਾਲ ਮੁਲਾਕਾਤ ਕੀਤੀ। ਇਸ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਆਗੂ ਐੱਨ ਕੇ ਸ਼ਰਮਾ ਸਣੇ ਹੋਰ ਵੱਡੀ ਗਿਣਤੀ ਵਿੱਚ ਆਗੂ ਪਹੁੰਚੇ।

ANSATEL COMMUNICATIONS

Helping Lower Mainland Businesses Since 1983



Panasonic
ideas for life

- VOIP Telephone Systems
- VOIP Phone Lines
- Data & Telephone Cabling
- Automatic Call Distribution
- CTI (Computer Telephone Integration)
- Wireless & Corded Headsets
- Multiline Wireless Telephones
- Lease Or Rental Packages
- Service Other Makes & Models

Helping Lower Mainland Businesses Since 1983

Customized Solutions to Suit Your Needs.

604-872-6500

2148 Kingsway, Vancouver | www.ansatel.com - info@ansatel.com

24/7 SALES & SERVICE

# ਕੈਨੇਡਾ ਵਿਚ 800 ਲੋਕਾਂ ਨਾਲ ਹੋਈ 31 ਮਿਲੀਅਨ ਡਾਲਰ ਦੀ ਠੱਗੀ




ਵਿੰਨੀਪੈਗ : ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਨਾਲ ਸਬੰਧਤ 800 ਤੋਂ ਵੱਧ ਲੋਕਾਂ ਤੋਂ ਕਰੋੜਾਂ ਡਾਲਰ ਠੱਗਣ ਵਾਲੇ ਜਵਾਦ ਰਾਠੌਰ ਅਤੇ ਵਿੰਸ ਪੈਟਰੋਜ਼ਾ ਨੂੰ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਜਸਟਿਸ ਡੈਨੀਅਲ ਮੂਰ ਨੇ ਦੋਹਾਂ ਨੂੰ ਸਜ਼ਾ ਦਾ ਐਲਾਲ ਕਰਦਿਆਂ 12-12 ਮਿਲੀਅਨ ਡਾਲਰ ਦਾ ਜੁਰਮਾਨਾ ਅਦਾ ਕਰਨ ਦੇ ਹੁਕਮ ਵੀ ਦਿਤੇ ਅਤੇ ਕਿਹਾ ਕਿ ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ਵਿਚ ਦੋਹਾਂ ਨੂੰ ਪੰਜ-ਪੰਜ ਸਾਲ ਵਾਧੂ ਜੇਲ ਕੱਟਣੀ ਪਵੇਗੀ। ਜਸਟਿਸ ਮੂਰ ਨੇ ਕਿਹਾ ਕਿ ਕੋਈ ਸਜ਼ਾ ਨਿਵੇਸ਼ਕਾਂ ਦੀ ਰਕਮ ਵਾਪਸ ਨਹੀਂ ਲਿਆ ਸਕਦੀ ਅਤੇ ਨਾ ਹੀ ਆਰਥਿਕ ਅਤੇ ਮਾਨਸਿਕ ਤੌਰ ’ਤੇ ਹੋਏ ਨੁਕਸਾਨ ਦੀ ਭਰਪਾਈ ਕਰ ਸਕਦੀ ਹੈ। ਦੂਜੇ ਪਾਸੇ ਰਾਠੌਰ ਅਤੇ ਪੈਟਰੋਜ਼ਾ ਦੇ ਵਕੀਲਾਂ ਨੇ ਉਨਟਾਰੀਓ ਕੋਰਟ ਆਫ਼ ਜਸਟਿਸ ਵਿਚ ਅਪੀਲ ਦਾਇਰ ਕਰ ਦਿਤੀ ਅਤੇ ਦੋਹਾਂ ਨੂੰ ਜ਼ਮਾਨਤ ’ਤੇ ਰਿਹਾਅ ਕਰ ਦਿਤਾ ਗਿਆ।

**ਜਵਾਦ ਰਾਠੌਰ ਅਤੇ ਵਿੰਸ ਪੈਟਰੋਜ਼ਾ ਨੂੰ ਪੰਜ ਸਾਲ ਦੀ ਕੈਦ:**

ਫੌਰਟ੍ਰੈੱਸ ਰੀਅਲ ਡਿਵੈਲਪਮੈਂਟਸ ਦੇ ਕੋਅ ਫ਼ਾਊਂਡਰ ਜਵਾਦ ਰਾਠੌਰ ਵੱਲੋਂ ਪੇਸ਼ ਵਕੀਲ ਸਕੌਟ ਫੈਂਟਨ ਨੇ ਦੋਸ਼ ਲਾਇਆ ਕਿ ਮੁਕੱਦਮੇ ਦੀ ਸੁਣਵਾਈ ਕਰ ਰਹੇ ਜੱਜ ਨੇ ਫ਼ੌਰਟ੍ਰੈੱਸ ਦੇ ਸਾਰੇ ਪ੍ਰੌਜੈਕਟਾਂ ਨਾਲ ਸਬੰਧਤ ਸਬੂਤਾਂ ਨੂੰ ਨਜ਼ਰਅੰਦਾਜ਼ ਕਰ ਦਿਤਾ ਜਦਕਿ ਸਿਰਫ਼ ਦੋ ਪ੍ਰੌਜੈਕਟਾਂ ਵੱਲ ਧਿਆਨ ਕੇਂਦਰਤ ਕੀਤਾ ਗਿਆ। ਇਥੇ ਦਸਣਾ ਬਣਦਾ ਹੈ ਕਿ ਜਵਾਦ ਰਾਠੌਰ ਅਤੇ ਵਿੰਸ ਪੈਟਰੋਜ਼ਾ ਵੱਲੋਂ ਕੰਪਨੀ ਦੀ ਸ਼ੁਰੂਆਤ 2008 ਵਿਚ ਕੀਤੀ ਗਈ।

ਕੰਪਨੀ ਵੱਲੋਂ ਆਰੰਭੀ ਵਿਲੱਖਣ ਕਿਸਮ ਦੀ ਮੌਰਗੇਜ ਯੋਜਨਾ ਲੋਕਾਂ ਵਿਚ ਬੇਹੱਦ ਮਕਬੂਲ ਹੋਈ ਅਤੇ 14 ਹਜ਼ਾਰ ਤੋਂ ਵੱਧ ਰਿਟੇਲ ਇਨਵੈਸਟਰਜ਼ ਨੇ ਕੈਨੇਡਾ ਦੇ ਵੱਖ ਵੱਖ ਸ਼ਹਿਰ ਵਿਚ 80 ਉਸਾਰੀ ਪ੍ਰੌਜੈਕਟਾਂ ਵਾਸਤੇ 920 ਮਿਲੀਅਨ ਡਾਲਰ ਦੀ ਰਕਮ ਨਿਵੇਸ਼ ਕਰ ਦਿਤੀ ਪਰ ਉਨਟਾਰੀਓ ਦੇ ਬੈਰੀ ਸ਼ਹਿਰ ਵਿਖੇ ਕੌਲੀਅਰਜ਼ ਸੈਂਟਰ ਅਤੇ ਵਿੰਨੀਪੈਗ ਦੇ ਸਕਾਈ ਸਿਟੀ ਪ੍ਰੌਜੈਕਟ ਵਿਵਾਦਾਂ ਵਿਚ ਘਿਰ ਗਏ। ਜਸਟਿਸ ਮੂਰ ਨੇ ਤਮਾਮ ਸਬੂਤਾਂ ’ਤੇ ਗੌਰ ਕਰਦਿਆਂ ਸਿੱਟਾ ਕੱਢਿਆ ਕਿ ਨਿਵੇਸ਼ਕਾਂ ਨੂੰ ਠੱਗਿਆ ਗਿਆ।

**ਅਦਾਲਤ ਨੇ 12-12 ਮਿਲੀਅਨ ਡਾਲਰ ਜੁਰਮਾਨਾ ਵੀ ਲਾਇਆ:**

ਸਰਕਾਰੀ ਵਕੀਲਾਂ ਨੇ ਜਵਾਦ ਰਾਠੌਰ ਅਤੇ ਵਿੰਸ ਪੈਟਰੋਜ਼ਾ ਨੂੰ 10 ਸਾਲ ਸਜ਼ਾ ਸੁਣਾਉਣ ਅਤੇ 26 ਮਿਲੀਅਨ ਡਾਲਰ ਦੀ ਰਕਮ ਜ਼ਬਤ ਕੀਤੇ ਜਾਣ ਦੀ ਮੰਗ ਕੀਤੀ ਜਦਕਿ ਬਚਾਅ ਪੱਖ ਦੇ ਵਕੀਲਾਂ ਨੇ 2 ਸਾਲ ਸਾਲ ਦੀ ਸ਼ਰਤੀਆ ਸਜ਼ਾ ਜਿਸ ਵਿਚ ਇਕ ਸਾਲ ਘਰ ਵਿਚ ਨਜ਼ਰਬੰਦੀ ਸ਼ਾਮਲ ਹੋਵੇ, ਦੀ ਮੰਗ ਕੀਤੀ। ਜਸਟਿਸ ਮੂਰ ਨੇ ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣਨ ਮਗਰੋਂ ਕਿਹਾ ਕਿ 10 ਸਾਲ ਦੀ ਸਜ਼ਾ ਪੌਂਜ਼ੀ ਸਕੀਮਾਂ ਦੇ ਮਾਮਲੇ ਵਿਚ ਸੁਣਾਈ ਜਾਂਦੀ ਹੈ ਪਰ ਇਥੇ ਪੌਂਜ਼ੀ ਕਿਸਮ ਵਰਗੀ ਠੱਗੀ ਸਾਹਮਣੇ ਨਹੀਂ ਆਈ।

ਇਥੇ ਦਸਣਾ ਬਣਦਾ ਹੈ ਕਿ 49 ਸਾਲ ਦਾ ਜਵਾਦ ਰਾਠੌਰ ਛੇ ਬੱਚਿਆਂ ਦਾ ਪਿਉ ਹੈ ਜਦਕਿ 50 ਸਾਲਾ ਪੈਟਰੋਜ਼ਾ ਤਿੰਲ ਬੱਚਿਆਂ ਦਾ ਪਿਉ ਹੈ ਜੋ ਯੂਨੀਵਰਸਿਟੀ ਵਿਚ ਪੜ੍ਹਦੇ ਹਨ। ਜ਼ਮਾਨਤੀ ਦਸਤਾਵੇਜ਼ਾਂ ਵਿਚ ਯਕੀਨ ਦਿਵਾਇਆ ਗਿਆ ਹੈ ਕਿ ਰਾਠੌਰ ਅਤੇ ਪੈਟਰੋਜ਼ਾ ਫਰਾਰ ਨਹੀਂ ਹੋਣਗੇ ਅਤੇ ਦੋਹਾਂ ਵੱਲੋਂ 2 ਲੱਖ 75 ਹਜ਼ਾਰ ਦਾ ਬੌਂਡ ਭਰਿਆ ਗਿਆ ਹੈ।

# ਪੁਲੀਸ ਅਫਸਰਾਂ ਦੀ ਆਡੀਓ ਕਲਿਪ ਦੀ ਜਾਂਚ ਦੇ ਹੁਕਮ



ਜ਼ਿਲ੍ਹਾ ਪਰਿਸ਼ਦ ਅਤੇ ਬਲਾਕ ਸਮਿਤੀ ਚੋਣਾਂ ਦੌਰਾਨ ਨਾਮਜ਼ਦਗੀ ਪ੍ਰਕਿਰਿਆ ਵਿੱਚ ਵਿਘਨ ਪਾਉਣ ਲਈ ਪੁਲੀਸ ਮੁਲਾਜ਼ਮਾਂ ਨੂੰ ਕਥਿਤ ਤੌਰ ’ਤੇ ਨਿਰਦੇਸ਼ ਦੇਣ ਵਾਲੀ ਆਡੀਓ ਰਿਕਾਰਡਿੰਗ ਸਾਹਮਣੇ ਆਉਣ ਤੋਂ ਇੱਕ ਮਹੀਨੇ ਤੋਂ ਵੱਧ ਸਮੇਂ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੱਜ ਇਸ ਨੂੰ ਫੋਰੈਂਸਿਕ ਜਾਂਚ ਲਈ ਇੱਕ ਅਜਿਹੀ ਸੁਤੰਤਰ ਏਜੰਸੀ ਕੋਲ ਭੇਜਣ ਦਾ ਹੁਕਮ ਦਿੱਤਾ ਹੈ ਜੋ ਸੂਬਾ ਸਰਕਾਰ ਦੇ ਕੰਟਰੋਲ ਜਾਂ ਨਿਗਰਾਨੀ ਹੇਠ ਨਾ ਹੋਵੇ।

ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਨੇ ਇਸ ਮਾਮਲੇ ਵਿੱਚ ਦਾਇਰ ਦੋ ਪਟੀਸ਼ਨਾਂ ਦਾ ਨਿਬੇੜਾ ਕਰਦਿਆਂ ਮੈਂਡਾਮਸ ਰਿੱਟ (ਨਿਆਂਇਕ ਹੁਕਮ) ਜਾਰੀ ਕੀਤੀ। ਅਦਾਲਤ ਨੇ ਨਿਰਦੇਸ਼ ਦਿੱਤੇ ਕਿ ਜਾਂਚ ਅਤੇ ਪਹਿਲਾਂ ਤੋਂ ਦਰਜ ਐੱਫ ਆਈ ਆਰ ਦੇ ਮਕਸਦ ਲਈ ਆਡੀਓ ਕਲਿੱਪ ਸਣੇ ਸਾਰੀ ਇਲੈਕਟ੍ਰੌਨਿਕ ਸਮੱਗਰੀ ਕਿਸੇ ਸੁਤੰਤਰ ਏਜੰਸੀ ਨੂੰ ਭੇਜੀ ਜਾਵੇ। ਅਦਾਲਤ ਨੇ ਜਾਂਚ ਪ੍ਰਕਿਰਿਆ ਵਿੱਚ ਕਿਸੇ ਵੀ ਤਰ੍ਹਾਂ ਦੀ ਦਖ਼ਲਅੰਦਾਜ਼ੀ ਨਾ ਕਰਨ ਦੇ ਨਿਰਦੇਸ਼ ਵੀ ਜਾਰੀ ਕੀਤੇ ਹਨ। ਚੋਣ ਪ੍ਰਕਿਰਿਆ ਨਾਲ ਜੁੜੀ ਇਸ ਕਥਿਤ ਆਡੀਓ ਕਲਿੱਪ ਦੀ ਜਾਂਚ ਦੀ ਨਿਰਪੱਖਤਾ ’ਤੇ ਗੰਭੀਰ ਚਿੰਤਾ ਜ਼ਾਹਿਰ ਕਰਦਿਆਂ ਬੈਂਚ ਨੇ ਸਪੱਸ਼ਟ ਕੀਤਾ, “ਕਮਿਸ਼ਨ ਦਾ ਅੰਤਿਮ ਉਦੇਸ਼ ਆਜ਼ਾਦ ਅਤੇ ਨਿਰਪੱਖ ਚੋਣਾਂ ਕਰਵਾਉਣਾ ਹੈ, ਜੋ ਕਿ ਸਿਰਫ਼ ਉਦੋਂ ਹੀ ਯਕੀਨੀ ਬਣਾਇਆ ਜਾ ਸਕਦਾ ਹੈ ਜਦੋਂ ਇਸ ਦੀਆਂ ਕਾਰਵਾਈਆਂ ਆਜ਼ਾਦ ਅਤੇ ਨਿਰਪੱਖ ਹੋਣ।”

ਪਹਿਲਾਂ ਪ੍ਰਗਟਾਈਆਂ ਨਿਆਂਇਕ ਚਿੰਤਾਵਾਂ ਦੇ ਬਾਵਜੂਦ ਚੋਣ ਕਮਿਸ਼ਨ ਵੱਲੋਂ ਇਸ ਮਾਮਲੇ ਤੋਂ ਨਜਿੱਠਣ ਦੇ ਤਰੀਕੇ ’ਤੇ ਨਿਰਾਸ਼ਾ ਜ਼ਾਹਿਰ ਕਰਦਿਆਂ ਬੈਂਚ ਨੇ ਟਿੱਪਣੀ ਕੀਤੀ, “ਜਦੋਂ ਇਸ ਅਦਾਲਤ ਨੇ ਚੋਣ ਪ੍ਰਕਿਰਿਆ ਦੇ ਸੰਚਾਲਨ ਦੀ ਨਿਰਪੱਖਤਾ ਬਾਰੇ ਆਪਣੀ ਚਿੰਤਾ ਪ੍ਰਗਟ ਕੀਤੀ ਸੀ, ਖਾਸ ਤੌਰ ’ਤੇ ਪਟਿਆਲਾ ਵਿੱਚ ਤਾਂ ਇਸ ਨੂੰ ਆਸ ਸੀ ਕਿ ਕਮਿਸ਼ਨ ਇਸ ਮੌਕੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਆਪਣੀ ਜ਼ਿੰਮੇਵਾਰੀ ਨਿਭਾਏਗਾ।”







# ਪੋਇਲੀਐਵ ਦਾ ਦਬਦਬਾ ਬਰਕਰਾਰ



**ਕੈਲਗਰੀ** : ਕੰਜ਼ਰਵੇਟਿਵ ਪਾਰਟੀ ਦੇ ਆਗੂ ਪਿਅਰੇ ਪੋਇਲੀਐਵ ਨੇ ਲੀਡਰਸ਼ਿਪ ਸਮੀਖਿਆ ਦੌਰਾਨ ਵੱਡੀ ਜਿੱਤ ਦਰਜ ਕਰਦਿਆਂ ਸਾਬਤ ਕਰ ਦਿਤਾ ਕਿ ਹਰ ਪਾਰਟੀ ਮੈਂਬਰ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ। ਕੈਲਗਰੀ ਵਿਖੇ ਪਾਰਟੀ ਦੀ ਕੌਮੀ ਕਨਵੈਨਸ਼ਨ ਦੌਰਾਨ ਪੋਇਲੀਐਵ ਨੂੰ 87 ਫ਼ੀ ਸਦੀ ਤੋਂ ਵੱਧ ਵੋਟਾਂ ਮਿਲੀਆਂ ਅਤੇ ਪਿਛਲੇ ਸਾਲ ਕੈਨੇਡਾ ਦੀਆਂ ਆਮ ਚੋਣਾਂ ਦੌਰਾਨ ਪਾਰਟੀ ਨੂੰ ਮਿਲੀ ਹਾਰ ਮਗਰੋਂ ਉਨ੍ਹਾਂ ਦੀ ਲੀਡਰਸ਼ਿਪ ’ਤੇ ਸਵਾਲ ਉਠਾਉਣ ਵਾਲਿਆਂ ਦੇ ਮੂੰਹ ਬੰਦ ਹੋ ਗਏ।

ਚੋਣ ਮਾਹੌਲ ਵਰਗਾ ਭਾਸ਼ਣ ਦਿੰਦਿਆਂ ਟੋਰੀ ਆਗੂ ਨੇ ਕਿਹਾ ਕਿ ਲਿਬਰਲ ਸਰਕਾਰ ਦੇ ਸੱਤਾ ਵਿਚ ਰਹਿੰਦਿਆਂ ਕੋਈ ਕੈਨੇਡੀਅਨ ਸੁਖੀ ਅਤੇ ਕਿਫ਼ਾਇਤ ਭਰੀ ਜ਼ਿੰਦਗੀ ਬਤੀਤ ਨਹੀਂ ਕਰ ਸਕਦਾ। ਐਲਬਰਟਾ ਅਤੇ ਕਿਊਬੈਕ ਵਿਚ ਉਠ ਰਹੀ ਵੱਖਵਾਦ ਦੀ ਲਹਿਰ ਨੂੰ ਲਿਬਰਲ ਪਾਰਟੀ ਦੀ ਦੇਣ ਕਰਾਰ ਦਿੰਦਿਆਂ ਪਿਅਰੇ ਪੋਇਲੀਐਵ ਨੇ ਆਪਣਾ ਸੌਵਰਨਟੀ ਐਕਟ ਚੇਤੇ ਕਰਵਾਇਆ ਅਤੇ ਕਿਹਾ ਕਿ ਵਿਦੇਸ਼ ਨੀਤੀ ਤੋਂ ਲੈ ਕੇ ਵੱਖਵਾਦ, ਇੰਮੀਗ੍ਰੇਸ਼ਨ ਅਤੇ ਕੌਮੀ ਏਕਤਾ ਵਰਗੇ ਮੁੱਦਿਆਂ ਨਾਲ ਨਜਿੱਠਣ ਦੀ ਤਾਕਤ ਸਿਰਫ਼ ਕੰਜ਼ਰਵੇਟਿਵ ਪਾਰਟੀ ਕੋਲ ਹੈ।

ਉਨ੍ਹਾਂ ਕਿਹਾ ਕਿ ਬੇਕਾਬੂ ਇੰਮੀਗ੍ਰੇਸ਼ਨ ਅਤੇ ਖੁੱਲ੍ਹੀਆਂ ਸਰਹੱਦਾਂ ਨੇ ਜਿਥੇ ਹੈਲਥ ਕੇਅਰ ਸੈਕਟਰ ਉਤੇ ਦਬਾਅ ਪਾਇਆ ਉਥੇ ਹੀ ਹਾਊਸਿੰਗ ਸੈਕਟਰ ਸੰਕਟ ਵਿਚ ਘਿਰ ਗਿਆ ਅਤੇ ਰੁਜ਼ਗਾਰ ਦੇ ਮੌਕੇ ਪੂਰੀ ਤਰ੍ਹਾਂ ਖ਼ਤਮ ਹੋ ਗਏ। ਪੋਇਲੀਐਵ ਨੇ ਹਜ਼ਾਰਾਂ ਦੀ ਗਿਣਤੀ ਵਿਚ ਮੌਜੂਦ ਹਮਾਇਤੀਆਂ ਸਾਹਮਣੇ ਅਹਿਦ ਕੀਤਾ ਕਿ ਕੈਨੇਡਾ ਵਾਸਤੇ ਸਭ ਕੁਝ ਕੁਰਬਾਨ ਕਰਨ ਵਾਲਿਆਂ ਲਈ ਉਹ ਜ਼ੋਰਦਾਰ ਸੰਘਰਸ਼ ਕਰਨਗੇ। ਕੈਨੇਡਾ ਵਿਚ ਲਗਾਤਾਰ ਵਧ ਰਹੇ ਅਪਰਾਧ ਦਾ ਜ਼ਿਕਰ ਕਰਦਿਆਂ ਪੋਇਲੀਐਵ ਨੇ ਆਖਿਆ ਕਿ ਇਸ ਵਾਸਤੇ ਲਿਬਰਲ ਪਾਰਟੀ ਦਾ 10 ਵਰ੍ਹਿਆਂ ਦਾ ਕਾਰਜਕਾਲ ਜ਼ਿੰਮੇਵਾਰ ਹੈ।

ਇਥੇ ਦਸਣਾ ਬਣਦਾ ਹੈ ਕਿ ਪਿਅਰੇ ਪੋਇਲੀਐਵ ਨੇ ਲੀਡਰਸ਼ਿਪ ਸਮੀਖਿਆ ਦੌਰਾਨ ਵੋਟਾਂ ਹਾਸਲ ਕਰਨ ਦਾ ਰਿਕਾਰਡ ਤੋੜ ਦਿਤਾ। ਇਸ ਤੋਂ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਸਟੀਫ਼ਨ ਹਾਰਪਰ ਨੂੰ 2005 ਵਿਚ ਲੀਡਰਸ਼ਿਪ ਸਮੀਖਿਆ ਦੌਰਾਨ 84 ਫ਼ੀ ਸਦੀ ਵੋਟਾਂ ਮਿਲੀਆਂ ਸਨ। 80 ਫ਼ੀ ਸਦੀ ਤੋਂ ਘੱਟ ਵੋਟਾਂ ਮਿਲਦੀਆਂ ਤਾਂ ਪੋਇਲੀਐਵ ਦੀ ਕੁਰਸੀ ਖ਼ਤਰੇ ਵਿਚ ਪੈ ਜਾਂਦੀ ਪਰ ਹੁਣ ਉਹ ਮਜ਼ਬੂਤ ਆਗੂ ਵਜੋਂ ਉਭਰੇ ਹਨ।

ਪੋਇਲੀਐਵ ਨੇ ਸਤੰਬਰ 2022 ਵਿਚ 68.15 ਫ਼ੀ ਸਦੀ ਵੋਟਾਂ ਹਾਸਲ ਕਰਦਿਆਂ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਹਾਸਲ ਕੀਤੀ ਸੀ। 2025 ਦੀਆਂ ਚੋਣਾਂ ਦੌਰਾਨ ਭਾਵੇਂ ਕੰਜ਼ਰਵੇਟਿਵ ਪਾਰਟੀ ਨੇ 24 ਨਵੀਆਂ ਸੀਟਾਂ ਹਾਸਲ ਕੀਤੀਆਂ ਪਰ ਸਰਕਾਰ ਬਣਾਉਣ ਦੇ ਨੇੜੇ ਨਾ ਪੁੱਜ ਸਕੀ।

ਕੰਜ਼ਰਵੇਟਿਵ ਪਾਰਟੀ ਦਾ ਸੰਵਿਧਾਨ ਕਹਿੰਦਾ ਹੈ ਕਿ ਚੋਣਾਂ ਵਿਚ ਹਾਰ ਮਗਰੋਂ ਪਾਰਟੀ ਦੀ ਅਗਲੀ ਕੌਮੀ ਕਨਵੈਨਸ਼ਨ ਮੌਕੇ ਲੀਡਰਸ਼ਿਪ ਸਮੀਖਿਆ ਲਾਜ਼ਮੀ ਹੋ ਜਾਂਦੀ ਹੈ। ਲੀਡਰਸ਼ਿਪ ਸਮੀਖਿਆ ਨੂੰ ਕੁਝ ਲੋਕ ਪੋਇਲੀਐਵ ਦੀ ਅਗਨੀ ਪ੍ਰੀਖਿਆ ਮੰਨ ਰਹੇ ਸਨ ਕਿਉਂਕਿ ਪਿਛਲੇ ਸਮੇਂ ਦੌਰਾਨ ਪਾਰਟੀ ਦੇ ਕਈ ਐਮ.ਪੀ. ਪਾਲਾ ਬਦਲ ਕੇ ਲਿਬਰਲ ਪਾਰਟੀ ਵਿਚ ਸ਼ਾਮਲ ਹੋ ਗਏ।

ਦੂਜੇ ਪਾਸੇ 27 ਜਨਵਰੀ ਨੂੰ ਸਾਹਮਣੇ ਆਇਆ ਇਕ ਸਰਵੇਖਣ ਕਹਿੰਦਾ ਹੈ ਕਿ ਜੇ ਕੈਨੇਡਾ ਵਿਚ ਅੱਜ ਚੋਣਾਂ ਹੋ ਜਾਣ ਤਾਂ 39.2 ਫ਼ੀ ਸਦੀ ਵੋਟਾਂ ਨਾਲ ਲਿਬਰਲ ਪਾਰਟੀ ਦਾ ਹੱਥ ਉਪਰ ਰਹੇਗਾ ਅਤੇ ਕੰਜ਼ਰਵੇਟਿਵ ਪਾਰਟੀ 35.2 ਫ਼ੀ ਸਦੀ ਵੋਟਾਂ ਨਾਲ ਦੂਜੇ ਸਥਾਨ ’ਤੇ ਰਹੇਗੀ। ਪ੍ਰਧਾਨ ਮੰਤਰੀ ਵਜੋਂ ਪਹਿਲੀ ਪਸੰਦ ਦੇ ਮਾਮਲੇ ਵਿਚ ਨੈਨੋਜ਼ ਰਿਸਰਚ ਦੇ ਸਰਵੇਖਣ ਦੌਰਾਨ ਪਿਅਰੇ ਪੋਇਲੀਐਵ, ਮਾਰਕ ਕਾਰਨੀ ਤੋਂ ਕਾਫ਼ੀ ਜ਼ਿਆਦਾ ਪੱਛੜੇ ਨਜ਼ਰ ਆਏ ਕਿਉਂਕਿ 52 ਫ਼ੀ ਸਦੀ ਤੋਂ ਵੱਧ ਲੋਕਾਂ ਨੇ ਮਾਰਕ ਕਾਰਨੀ ਨੂੰ ਪਹਿਲੀ ਪਸੰਦ ਦੱਸਿਆ ਜਦਕਿ ਪੋਇਲੀਐਵ ਨੂੰ ਪਹਿਲੀ ਪਸੰਦ ਦੱਸਣ ਵਾਲਿਆਂ ਦੀ ਗਿਣਤੀ 24.8 ਫ਼ੀ ਸਦੀ ਦਰਜ ਕੀਤੀ ਗਈ।

# ਮਜੀਠੀਆ ’ਤੇ ਲਾਏ ਦੋਸ਼ ਝੂਠੇ ਹਨ: ਡੇਰਾ ਬਿਆਸ ਮੁਖੀ

ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਬਿਕਰਮ ਮਜੀਠੀਆ ਨੂੰ ਮਿਲਣ ਨਾਭਾ ਜੇਲ੍ਹ ਪਹੁੰਚੇ। ਇਸ ਤੋਂ ਪਹਿਲਾਂ ਉਹ ਮਹਾਰਾਜਾ ਰਿਪੁਦਮਨ ਸਿੰਘ ਦੇ ਵਾਰਸਾਂ ਦੇ ਪਰਿਵਾਰਕ ਸਮਾਗਮ ਵਿੱਚ ਵੀ ਸ਼ਾਮਲ ਹੋਏ। ਨਾਭਾ ਜੇਲ੍ਹ ਦੇ ਬਾਹਰ ਡੇਰਾ ਬਿਆਸ ਸ਼ਰਧਾਲੂ ਵੱਡੀ ਗਿਣਤੀ ਵਿਚ ਇਕੱਠੇ ਹੋਏ।

ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਢਿੱਲੋਂ ਨੇ ਮਜੀਠੀਆ ਨਾਲ ਲਗਪਗ ਅੱਧਾ ਘੰਟਾ ਮੁਲਾਕਾਤ ਕੀਤੀ ਜਿਸ ਮਗਰੋਂ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਜੀਠੀਆ ਉੱਪਰ ਲੱਗੇ ਸਾਰੇ ਇਲਜ਼ਾਮ ਝੂਠੇ ਹਨ। ਹਾਲਾਂਕਿ ਉਨ੍ਹਾਂ ਨੇ ਮਜੀਠੀਆ ਉੱਪਰ ਕੇਸਾਂ ਬਾਰੇ ਕੋਈ ਹੋਰ ਟਿੱਪਣੀ ਕਰਨ ਤੋਂ ਇਨਕਾਰ ਕੀਤਾ। ਡੇਰਾ ਬਿਆਸ ਮੁਖੀ ਨਾਭਾ ਜੇਲ੍ਹ ਵਿੱਚ ਮਜੀਠੀਆ ਨਾਲ ਮੁਲਾਕਾਤ ਕਰਨ ਦੂਜੀ ਵਾਰ ਆਏ ਹਨ। ਉਨ੍ਹਾਂ ਕਿਹਾ ਕਿ ਬਿਕਰਮ ਮਜੀਠੀਆ ਉਨ੍ਹਾਂ ਦੇ ਰਿਸ਼ਤੇਦਾਰ ਹਨ ਜਿਸ ਕਾਰਨ ਉਹ ਉਨ੍ਹਾਂ ਨੂੰ ਮਿਲਣ ਮੁੜ ਆਏ ਹਨ।

ਜੇਲ੍ਹ ਪਹੁੰਚਣ ਤੋਂ ਪਹਿਲਾਂ ਡੇਰਾ ਮੁਖੀ ਮਹਾਰਾਜਾ ਰਿਪੁਦਮਨ ਸਿੰਘ ਦੇ ਵਾਰਸਾਂ ਦੇ ਘਰੇਲੂ ਸਮਾਗਮ ਵਿੱਚ ਵੀ ਸ਼ਾਮਲ ਹੋਏ, ਜਿੱਥੇ ਅੱਜ ਸਪੀਕਰ ਕੁਲਤਾਰ ਸਿੰਘ ਸੰਧਵਾਂ ਸਮੇਤ ਪੰਜਾਬ ਦੇ ਵੱਖ ਵੱਖ ਸਿਆਸੀ ਤੇ ਧਾਰਮਿਕ ਆਗੂ ਪਹੁੰਚੇ।

HIMALAYA
SWEETS & RESTAURANT
East Indian Sweets & Exotic Foods





Kewal Pabla
President

'Just The Taste Will Bring You Back'





Vancouver
6587, Main St.
Pabla Trade Center
Ph: 604.324.6514

Richmond
4011 No. 5 Rd.
Ph:604.247.2252
Cell:604.720.5900

# ਵਿਲੱਖਣ ਕਲਮਕਾਰ ਖੁਸ਼ਵੰਤ ਸਿੰਘ ’ਤੇ ਇਕ ਝਾਤ

SA
MEDIA GROUP

ਪੰਜਾਬੀ ਜਰਨਲ
DELTA OFFICE:
#3 7953 120 St. Delta
BC., V4C 6P6
Ph : **604-312-5678**
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।**

RETURN UNDELIVERABLE TO
CIRCULATION WING
SA MEDIA GROUP
14308 62nd Ave.,
Surrey BC, V3S 0K5
PUBLICATION MAIL
Contract/Agreement
# is 41798524

1520799 BC Ltd
SA Media Group
(Punjabi Journal)
is not responsible or legally liable for any matter or typing mistake.

**Managing Director**
**SAHEBJIT SINGH RANDHAWA**

**For Advertising**
**Call 604-312-5678**

**Graphic Designer**
**Ashu Kashyap**

ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਲੇਖਕ, ਪੱਤਰਕਾਰ, ਉੱਘੇ ਸਿੱਖ ਇਤਿਹਾਸਕਾਰ ਅਤੇ ਨਾਮਵਰ ਸੰਪਾਦਕ, ਬਹੁਪੱਖੀ ਸ਼ਖ਼ਸੀਅਤ ਖ਼ੁਸ਼ਵੰਤ ਸਿੰਘ ਦਾ ਜਨਮ 2 ਫਰਵਰੀ, 1915 ਨੂੰ ਅਣਵੰਡੇ ਪੰਜਾਬ ਦੇ ਪਿੰਡ ਹਡਾਲੀ (ਹੁਣ ਜ਼ਿਲ੍ਹਾ ਖੁਸ਼ਬ, ਲਹਿੰਦਾ ਪੰਜਾਬ ਪਾਕਿਸਤਾਨ) ਵਿਖੇ ਸਰਦਾਰ ਸੋਭਾ ਸਿੰਘ ਅਤੇ ਮਾਤਾ ਵੀਰਾਂਬਾਈ ਦੇ ਘਰ ਹੋਇਆ। ਉਹਨਾਂ ਦੇ ਪਿਤਾ ਸੋਭਾ ਸਿੰਘ ਪ੍ਰਸਿੱਧ ਇਮਾਰਤੀ ਠੇਕੇਦਾਰ ਸਨ, ਜਿਨ੍ਹਾਂ ਨੇ ਦਿੱਲੀ ਦੀ ਮਸ਼ਹੂਰ ਮਾਰਕੀਟ ਕਨਾਟ ਪਲੇਸ ਦਾ ਨਿਰਮਾਣ ਕੀਤਾ ਸੀ। ਖ਼ੁਸ਼ਵੰਤ ਸਿੰਘ ਦੇ ਚਾਚਾ ਉੱਜਲ ਸਿੰਘ ਪੰਜਾਬ ਤੇ ਤਾਮਿਲਨਾਡੂ ਦੇ ਰਾਜਪਾਲ ਰਹੇ। ਖ਼ੁਸ਼ਵੰਤ ਸਿੰਘ ਦਾ ਸ਼ੁਰੂ ਵਿਚ ਨਾਂ ਖ਼ੁਸ਼ਹਾਲ ਸਿੰਘ ਰੱਖਿਆ ਗਿਆ ਸੀ। ਮਾਡਰਨ ਸਕੂਲ ਦਿੱਲੀ ਵਿਚ ਦਾਖ਼ਲੇ ਸਮੇਂ ਉਹਨਾਂ ਦਾ ਨਾਂ ਖ਼ੁਸ਼ਵੰਤ ਸਿੰਘ ਦਰਜ ਕਰਵਾਇਆ ਗਿਆ। ਉਹਨਾਂ ਮੁੱਢਲੀ ਵਿਦਿਆ ਮਾਡਰਨ ਸਕੂਲ ਨਵੀਂ ਦਿੱਲੀ ਤੋਂ ਪ੍ਰਾਪਤ ਕੀਤੀ। ਉਹਨਾਂ ਇੰਟਰਮੀਡੀਏਟ ਸੇਂਟ ਸਟੀਫਨ ਕਾਲਜ ਦਿੱਲੀ ਤੋਂ ਪਾਸ ਕੀਤੀ। 1934 ਵਿਚ ਉਹਨਾਂ ਲਾਹੌਰ ਦੇ ਸਰਕਾਰੀ ਕਾਲਜ ਤੋਂ ਗਰੈਜੂਏਸ਼ਨ ਕੀਤੀ। 1938 ਵਿਚ ਉਹਨਾਂ ਲੰਦਨ ਯੂਨੀਵਰਸਿਟੀ ਤੋਂ ਐੱਲ.ਐਲ.ਬੀ. ਦੀ ਡਿਗਰੀ ਪ੍ਰਾਪਤ ਕੀਤੀ। ਉਹ 1939 ਤੋਂ 1947 ਤੱਕ ਪੰਜਾਬ ਹਾਈ ਕੋਰਟ ਲਾਹੌਰ ਵਿਖੇ ਵਕਾਲਤ ਕਰਦੇ ਰਹੇ। ਲਾਹੌਰ ਵਿਖੇ ਵਕਾਲਤ ਕਰਨ ਦੌਰਾਨ ਹੀ ਉਹਨਾਂ ਦੀ ਸ਼ਾਦੀ ਕੰਵਲ ਮਲਿਕ ਨਾਲ ਹੋਈ। ਉਹਨਾਂ ਦੇ ਘਰ ਲੜਕੀ ਮਾਲਾ ਅਤੇ ਲੜਕਾ ਰਾਹੁਲ ਪੈਦਾ ਹੋਏ। ਦੇਸ਼ ਵੰਡ ਤੋਂ ਪਿੱਛੋਂ ਉਹ ਪਰਿਵਾਰ ਸਮੇਤ ਦਿੱਲੀ ਆ ਗਏ ਅਤੇ ਉਹਨਾਂ ਵਕਾਲਤ ਦਾ ਕੰਮ ਤਿਆਗ ਦਿੱਤਾ। ਦੇਸ਼ ਆਜ਼ਾਦ ਹੋਣ ਪਿੱਛੋਂ ਉਹ ਭਾਰਤੀ ਵਿਦੇਸ਼ ਸੇਵਾ ਵਿਚ ਸੂਚਨਾ ਅਫ਼ਸਰ ਵਜੋਂ ਨਿਯੁਕਤ ਹੋ ਗਏ। ਇਸ ਤੋਂ ਪਿੱਛੋਂ ਉਹ ਲੰਦਨ ਅਤੇ ਓਟਾਵਾ ਦੇ ਭਾਰਤੀ ਦੂਤਵਾਸਾਂ ਵਿਚ ਉੱਚ ਅਹੁਦਿਆਂ ’ਤੇ ਬਿਰਾਜਮਾਨ ਰਹੇ।


ਪੱਤਰਕਾਰ ਵਜੋਂ ਖ਼ੁਸ਼ਵੰਤ ਸਿੰਘ 1951 ਵਿੱਚ ਆਲ ਇੰਡੀਆ ਰੇਡੀਓ ਨਾਲ ਜੁੜੇ। 1954-56 ਦੌਰਾਨ ਉਹ ਯੂਨੈਸਕੋ ਦੇ ਪੈਰਿਸ ਸਥਿਤ ਦਫ਼ਤਰ ਵਿਖੇ ਮਾਸ ਕਮਿਊਨੀਕੇਸ਼ਨ ਵਿਭਾਗ ਵਿਚ ਨਿਯੁਕਤ ਰਹੇ। 1956 ਵਿਚ ਉਹਨਾਂ ਨੇ ਕੇਂਦਰ ਸਰਕਾਰ ਦੇ ਮੈਗਜ਼ੀਨ ਯੋਜਨਾ ਦੀ ਸੰਪਾਦਕੀ ਦਾ ਕਾਰਜ ਸੰਭਾਲਿਆ। 1969 ਤੋਂ 1978 ਤੱਕ ਉਹ ਮੁੰਬਈ ਤੋਂ ਛਪਦੇ ਦੇਸ਼ ਦੇ ਸਭ ਤੋਂ ਵੱਡੇ ਮੈਗਜ਼ੀਨ ਇਲੱਸਟਰੇਟਿਡ ਵੀਕਲੀ ਦੇ ਸੰਪਾਦਕ ਰਹੇ। ਉਹਨਾਂ ਦੀ ਸੰਪਾਦਨਾ ਹੇਠ ਇਸ ਹਫ਼ਤਾਵਾਰੀ ਰਸਾਲੇ ਦੀ ਛਪਣ ਗਿਣਤੀ 80 ਹਜ਼ਾਰ ਤੋਂ ਵੱਧ ਕੇ 4,10,000 ਤੱਕ ਪਹੁੰਚ ਗਈ। ਉਹ 1978-79 ਦੌਰਾਨ ਦੋ ਸਾਲ ਲਈ ਨੈਸ਼ਨਲ ਹੈਰੇਲਡ ਦੇ ਸੰਪਾਦਕ ਅਤੇ 1979- 80 ਵਿਚ ਪੰਦਰਾਂ ਰੋਜ਼ਾ ਰਸਾਲੇ ‘ਨਿਊ ਦੇਹਲੀ’ ਦੇ ਮੁੱਖ ਸੰਪਾਦਕ ਰਹੇ। ਇਸ ਉਪਰੰਤ ਉਹ 1980-83 ਦਰਮਿਆਨ ਹਿੰਦੁਸਤਾਨ ਟਾਈਮਜ਼ ਦੇ ਸੰਪਾਦਕ ਰਹੇ। ਉਹਨਾਂ ਦੀਆਂ ਲਿਖਤਾਂ ਦੇਸ਼ ਵਿਦੇਸ਼ ਦੇ ਅਨੇਕਾਂ ਹੀ ਸਮਾਚਾਰ ਪੱਤਰਾਂ/ ਮੈਗਜ਼ੀਨਾਂ ਵਿਚ ਛਪਦੀਆਂ ਰਹਿੰਦੀਆਂ ਸਨ। ਦਾ ਇਲੱਸਟਰੇਟਡ ਵੀਕਲੀ ਆਫ਼ ਇੰਡੀਆ ਦੀ ਸੰਪਾਦਨਾ ਸਮੇਂ ਜਿਹੜੇ



ਮਾਪ-ਦੰਡ ਉਹਨਾਂ ਨਿਰਧਾਰਤ ਕੀਤੇ, ਉਸ ਨਾਲ ਪੱਤਰਕਾਰੀ ਦੀ ਨੁਹਾਰ ਹੀ ਬਦਲ ਗਈ। ਭਾਰਤੀ ਅਤੇ ਵਿਦੇਸ਼ੀ ਸੰਸਕ੍ਰਿਤੀ ਦਾ ਉਹਨਾਂ ਉੱਤੇ ਡੂੰਘਾ ਪ੍ਰਭਾਵ ਪਿਆ। ਉਹ ਆਪ ਵੀ ਲਿਖਦੇ ਹਨ ਕਿ ਮੈਂ ਪੂਰਬ ਅਤੇ ਪੱਛਮ ਦੋਹਾਂ ਦੀ ਉਪਜ ਹਾਂ। ਉਹਨਾਂ ਦੀਆਂ ਰਚਨਾਵਾਂ ਵਿਚ ਵਿਗਿਆਨਿਕ, ਤਰਕਵਾਦ ਅਤੇ ਮਾਨਵਵਾਦ ਦਾ ਸੁਮੇਲ ਹੈ। ਉਹ ਭਾਰਤ ਪਾਕਿ ਵੰਡ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਹਨਾਂ ਇਸ ਭਿਆਨਕ ਮੰਜ਼ਰ ਨੂੰ ਆਪਣੇ ਅੱਖੀ ਡਿੱਠਾ। ਖ਼ੁਸ਼ਵੰਤ ਸਿੰਘ ਮੁੱਖ ਤੌਰ ’ਤੇ ਅੰਗਰੇਜ਼ੀ ਵਿਚ ਲਿਖਦੇ ਸਨ, ਜਿਸ ਨਾਲ ਪੰਜਾਬੀ ਸੱਭਿਆਚਾਰ, ਸਿੱਖ ਇਤਿਹਾਸ ਤੇ ਸਿੱਖ ਸੱਭਿਆਚਾਰ ਬਾਰੇ ਦੇਸ਼ ਵਿਦੇਸ਼ ਦੇ ਲੋਕ ਜਾਣੂ ਹੋਏ। ਸਾਹਿਤਕ ਖੇਤਰ ਵਿਚ ਉਹਨਾਂ ਦਾ ਪ੍ਰਵੇਸ਼ 1950 ਵਿਚ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ ‘ਦਾ ਮਾਰਕ ਆਫ਼ ਵਿਸ਼ਨੂ ਐਂਡ ਅਦਰ ਸਟੋਰੀਜ’ ਨਾਲ ਹੋਇਆ। ਖ਼ੁਸ਼ਵੰਤ ਸਿੰਘ ਨੂੰ ਸਾਹਿਤਕ ਖੇਤਰ ਵਿਚ ਨਾਵਲ ‘ਟਰੇਨ ਟੂ ਪਾਕਿਸਤਾਨ’ (1956) ਰਾਹੀਂ ਵਿਸ਼ੇਸ਼ ਮਾਨਤਾ ਮਿਲੀ। ਨਾਵਲ ਟਰੇਨ ਟੂ ਪਾਕਿਸਤਾਨ ਵਿਚਲੀ ਕਹਾਣੀ ਦੀ ਪਿੱਠ ਭੂਮੀ ਮਾਣੋਮਾਜਰਾ ਹੈ, ਜੋ ਹਿੰਦ-ਪਾਕਿ ਸੀਮਾ ਦੇ ਨੇੜੇ ਸਤਲੁਜ ਦਰਿਆ ਤੋਂ ਅੱਧੇ ਕੁ ਮੀਲ ਦੀ ਵਿੱਥ ਉੱਤੇ ਵਸਿਆ ਕਲਪਿਤ ਪਿੰਡ ਹੈ। ਇਸ ਨਾਵਲ ਵਿਚ ਉਹਨਾਂ ਨੇ ਭਾਰਤ ਦੀ ਵੰਡ ਦਾ ਬਹੁਤ ਮਾਰਮਿਕ ਵਰਣਨ ਕੀਤਾ ਹੈ। ਸਲਮਾਨ ਰਸ਼ਦੀ ਨੇ ਇਸ ਨਾਵਲ ਨੂੰ ਵੰਡ ਦੇ ਵਿਸ਼ੇ ’ਤੇ ਇਕ ਚੰਗੀ ਕਿਤਾਬ ਆਖਿਆ। ਅਮਿਤਾਵ ਘੋਸ਼ ਨੇ ਇਸ ਪੁਸਤਕ ਦੀ ਇਕ ਕਲਾਸਿਕ ਰਚਨਾ ਵਜੋਂ ਪ੍ਰਸ਼ੰਸਾ ਕੀਤੀ। ਪਾਮੇਲਾ ਰੂਕਸ ਵੱਲੋਂ ਇਸ ਨਾਵਲ ਉੱਪਰ ਫਿਲਮ ਵੀ ਬਣਾਈ ਗਈ। ਇਸ ਨਾਵਲ ਨੂੰ 1956 ਵਿਚ ਗਰੋਵ ਪ੍ਰੈਸ ਇੰਡੀਆ ਫਿਕਸ਼ਨ ਪ੍ਰਾਈਜ਼ ਦਿੱਤਾ ਗਿਆ। ਉਹਨਾਂ ਦਾ ਦੂਸਰਾ ਨਾਵਲ ‘ਆਈ ਸ਼ੈਲ ਨਾਟ ਹੀਅਰ ਦਾ ਨਾਈਟਿੰਗਗੇਲ’1959 ਵਿਚ ਛਪਿਆ। ਉਹਨਾਂ ਨੇ ਕਈ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋਏ, ਜਿਨ੍ਹਾਂ ਵਿਚ ‘ਮਾਰਕ ਆਫ ਵਿਸ਼ਨੂ ਐਂਡ ਅਦਰ ਸਟੋਰੀਜ’ (1950), ਦਾ ਵਾਈਸ ਆਫ ਗਾਡ ਐਂਡ ਅਦਰ ਸਟੋਰੀਜ (1957), ਏ ਬਰਾਈਡ ਫਾਰ ਦਾ ਸਾਹਿਬ ਐਂਡ ਅਦਰ ਸਟੋਰੀਜ (1967), ਬਲੈਕ ਜੈਸਮੀਨ ਐਂਡ ਅਦਰ ਸਟੋਰੀਜ (1971) ਸਮੇਤ ਕਈ ਸੰਗ੍ਰਹਿ ਸ਼ਾਮਿਲ ਹਨ। ਖ਼ੁਸ਼ਵੰਤ ਸਿੰਘ ਨੇ ਆਪਣੀਆਂ ਰਚਨਾਵਾਂ ਮੂਲ ਰੂਪ ਵਿਚ ਅੰਗਰੇਜ਼ੀ ਭਾਸ਼ਾ ਵਿਚ ਲਿਖੀਆਂ ਹਨ ਪਰ ਉਹਨਾਂ ਵਿਚਲੇ ਪਾਤਰ, ਘਟਨਾਵਾਂ ਤੇ ਵਾਤਾਵਰਨ ਨਿਰੋਲ ਪੰਜਾਬੀ ਹਨ।

ਖ਼ੁਸ਼ਵੰਤ ਸਿੰਘ ਨੇ ਪੰਜਾਬੀ ਸਾਹਿਤ ਨਾਲ ਆਪਣਾ ਨਾਤਾ ਕਰਤਾਰ ਸਿੰਘ ਦੁੱਗਲ ਦੀ ਪ੍ਰੇਰਨਾ ਸਦਕਾ 1953 ਵਿਚ ਪ੍ਰਕਾਸ਼ਿਤ ਆਪਣੇ ਕਹਾਣੀ ਸੰਗ੍ਰਹਿ ‘ਨਾਂ ਵਿਚ ਕੀ ਪਿਆ ਏ’ ਨਾਲ ਜੋੜਿਆ ਸੀ। ਨਾਵਲਕਾਰ ਕਹਾਣੀਕਾਰ ਅਤੇ ਅਨੁਵਾਦਕ ਵਜੋਂ ਉਹਨਾਂ ਦੀ ਪ੍ਰਾਪਤੀ ਵਿਲੱਖਣ ਹੈ। ਸਿੱਖ ਇਤਿਹਾਸ ਅਤੇ ਧਰਮ ਬਾਰੇ ਉਹਨਾਂ ਨੇ ਕਈ ਪੁਸਤਕਾਂ ਲਿਖੀਆਂ। 1962 ਵਿਚ ਪ੍ਰਕਾਸ਼ਿਤ ‘ਏ ਹਿਸਟਰੀ ਆਫ਼ ਦੀ ਸਿੱਖਸ’ (ਦੋ ਭਾਗ) ਉਹਨਾਂ ਦੀ ਬਹੁਤ ਪ੍ਰਸਿੱਧ ਰਚਨਾ ਹੈ। ਹੋਰ ਪੁਸਤਕਾਂ ਵਿਚ ਸਿੱਖਜ ਟੂਡੇ (1959), ਰਣਜੀਤ ਸਿੰਘ ਮਹਾਰਾਜਾ ਆਫ਼ ਦੀ ਪੰਜਾਬ (1962), ਸੈਕਰਿੰਡ ਰਾਈਟਿੰਗਜ ਆਫ ਦੀ ਸਿੱਖਸ, ਦੀ ਸਿੱਖਸ (1951), ਫਾਲ ਆਫ਼ ਦੀ ਸਿੱਖ ਕਿੰਗਡਮ (1962), ਗ਼ਦਰ ਰਿਬੈਲੀਅਨ (1966), ਹੋਮੇਜ ਟੂ ਗੁਰੂ ਗੋਬਿੰਦ ਸਿੰਘ, ‘ਹਿਮਜ ਆਫ ਨਾਨਕ ਦਿ ਗੁਰੂ’ ਸਮੇਤ ਅੰਗਰੇਜ਼ੀ ਵਿਚ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਹਨ। ਇਨਸਾਈਕਲੋਪੀਡੀਆ ਆਫ਼ ਬ੍ਰਿਟੇਨਿਕਾ ਵਿਚ ਸਿੱਖਾਂ ਬਾਰੇ ਦਰਜ ਸਾਰੇ ਇੰਦਰਾਜ ਉਹਨਾਂ ਦੇ ਹੀ ਹਨ। ਖ਼ੁਸ਼ਵੰਤ ਸਿੰਘ ਇਕ ਕਾਲਮ ਨਵੀਸ ਵਜੋਂ ਵੀ ਬਹੁਤ ਪ੍ਰਸਿੱਧ ਹੋਏ। ਉਹਨਾਂ ਦੀ ਲਿਖਤ ‘ਵਿਦ ਮੈਲੀਸ ਟੂਵਾਰਡਜ ਵਨ ਐਂਡ ਆਲ’ ਦਿ ਟੈਲੀਗ੍ਰਾਫ, ਹਿੰਦੁਸਤਾਨ ਟਾਈਮਜ ਅਤੇ ਪਾਇਨੀਅਰ ਸਮੇਤ ਹੋਰ ਵੱਖ-ਵੱਖ ਕਈ ਅਖ਼ਬਾਰਾਂ ਵਿਚ ਲਗਾਤਾਰ ਵਰ੍ਹਿਆਂਬੱਧੀ ਪ੍ਰਕਾਸ਼ਿਤ ਹੁੰਦੀ ਰਹੀ। ਪਾਠਕਾਂ ਨੂੰ ਇਸ ਦੀ ਤੀਬਰ ਉਡੀਕ ਬਣੀ ਰਹਿੰਦੀ ਸੀ। ਖ਼ੁਸ਼ਵੰਤ ਸਿੰਘ ਪਹਿਲੇ ਭਾਰਤੀ ਨਾਵਲਕਾਰ ਸਨ, ਜਿਨ੍ਹਾਂ ਸੈਕਸ ਬਾਰੇ ਖੁੱਲ ਕੇ ਲਿਖਿਆ। ਉਹਨਾਂ ਸੈਕਸ ਸਕਾਚ ਐਂਡ ਸਕਾਲਰਸ਼ਿਪ (1992), ਦਿ ਕੰਪਨੀ ਆਫ ਵੂਮੈਨ (1999) ਸਮੇਤ ਕਈ ਪੁਸਤਕਾਂ ਵਿਚ ਸੈਕਸ ਜਿਹੇ ਵਿਸ਼ੇ ਬਾਰੇ ਲਿਖਿਆ । ਖ਼ੁਸ਼ਵੰਤ ਸਿੰਘ ਦੀਆਂ ਪੁਸਤਕਾਂ ਦੇ ਅਨੁਵਾਦ ਦੇਸ਼ ਅਤੇ ਵਿਦੇਸ਼ ਦੀਆਂ ਭਾਸ਼ਾਵਾਂ ਵਿਚ ਹੋਏ। ਉਹਨਾਂ ਦੇ ਪ੍ਰਸਿੱਧ ਨਾਵਲ ਟਰੇਨ ਟੂ ਪਾਕਿਸਤਾਨ ਦਾ ਪੰਜਾਬੀ ਵਿਚ ਅਨੁਵਾਦ ‘ਪਾਕਿਸਤਾਨ ਮੇਲ’ ਨਾਂ ਹੇਠ ਪ੍ਰਕਾਸ਼ਿਤ ਹੋਇਆ। ਉਹਨਾਂ ਦੀ ਸਿੱਖ ਇਤਿਹਾਸ ਬਾਰੇ ਪ੍ਰਸਿੱਧ ਪੁਸਤਕ ਹਿਸਟਰੀ ਆਫ ਦੀ ਸਿੱਖਸ ਅਨੁਵਾਦ ਹੋ ਕੇ ਪੰਜਾਬੀ ਵਿੱਚ ‘ਸਿੱਖ ਇਤਿਹਾਸ’ ਨਾਂ ਹੇਠ ਪ੍ਰਕਾਸ਼ਿਤ ਹੋਈ। ਉਹਨਾਂ ਦੀ ਸਵੈ ਜੀਵਨੀ ‘ਮੌਜ ਮੇਲਾ’ ਵੀ ਪੰਜਾਬੀ ਵਿਚ ਪ੍ਰਕਾਸ਼ਿਤ ਹੋਈ ਮਿਲਦੀ ਹੈ। ਇਸ ਤੋਂ ਇਲਾਵਾ ਖ਼ੁਸ਼ਵੰਤ ਸਿੰਘ ਨੇ ਬਹੁਤ ਸਾਰੀਆਂ ਹੋਰਨਾਂ ਭਾਸ਼ਾਵਾਂ ਦੀਆਂ ਪੁਸਤਕਾਂ ਦੇ ਅੰਗਰੇਜ਼ੀ ਵਿਚ ਅਨੁਵਾਦ ਕੀਤੇ, ਜਿਨ੍ਹਾਂ ਵਿਚ ਰਜਿੰਦਰ ਸਿੰਘ ਬੇਦੀ ਦੇ ਨਾਵਲ ਇਕ ਚਾਦਰ ਅੱਧੋ ਰਾਣੀ, ਅੰਮ੍ਰਿਤਾ ਪ੍ਰੀਤਮ ਦੇ ਨਾਵਲ ਪਿੰਜਰ (1963), ਮਿਰਜ਼ਾ ਰੁਸ਼ਵਾ ਦਾ ਨਾਵਲ ‘ਉਮਰਾਓ ਜਾਨ ਅਦਾ’ (1961) ਅਤੇ ਡਾ. ਇਕਬਾਲ ਦੀ ਨਜ਼ਮ’ ਸ਼ਿਕਵਾ ਔਰ ਜਵਾਬਿ ਸ਼ਿਕਵਾ’ (1981) ਅੰਗਰੇਜ਼ੀ ਵਿਚ ਉਲਥਾਈਆਂ ਹਨ। ਉਹਨਾਂ 1984 ਵਿਚ ਕੁਲਦੀਪ ਨਈਅਰ ਨਾਲ ਮਿਲ ਕੇ ‘ਪੰਜਾਬ ਟਰੈਜਡੀ’ ਨਾਂ ਦੀ ਪੁਸਤਕ ਵੀ ਪ੍ਰਕਾਸ਼ਿਤ ਕੀਤੀ। ਅਕਤੂਬਰ 2013 ਵਿਚ ਉਹਨਾਂ ਹਮਰਾ ਕੁਰੇਸ਼ੀ ਨਾਲ ਸਾਂਝੇ ਤੌਰ ’ਤੇ ਆਖ਼ਰੀ ਕਿਤਾਬ ‘ਦਿ ਗੁੱਡ ਦਿ ਬੈਡ ਐਂਡ ਦਿ ਰਿਡੀਕੂਲਸ’ ਵਿਚ ਵੀ ਧਰਮ ਦੀ ਅਲੋਚਨਾ ਜਾਰੀ ਰੱਖੀ।

ਉਹਨਾਂ ਦੇ ਸ਼ਾਹਕਾਰ ਨਾਵਲ ਟ੍ਰੇਨ ਟੂ ਪਾਕਿਸਤਾਨ ਲਈ ਉਹਨਾਂ ਨੂੰ ਗ੍ਰੋਵ ਪ੍ਰੈਸ ਅਵਾਰਡ ਦਿੱਤਾ ਗਿਆ। 1966 ਵਿਚ ਉਹਨਾਂ ਨੂੰ ਅਮਰੀਕਾ ਦੀ ਸੰਸਥਾ ਰੌਕਫਿਲਰ ਫਾਊਂਡੇਸ਼ਨ ਵੱਲੋਂ ਰੌਕਫਿਲਰ ਗਰਾਂਟ ਸਨਮਾਨ ਦਿੱਤਾ ਗਿਆ। 1969-70 ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ ਉਹਨਾਂ ਨੂੰ ਸ਼੍ਰੋਮਣੀ ਪੱਤਰਕਾਰ ਐਵਾਰਡ ਨਾਲ ਸਨਮਾਨਿਆ ਗਿਆ। 1974 ਵਿਚ ਉਹਨਾਂ ਨੂੰ ਪਦਮ ਭੂਸ਼ਣ ਦੇ ਸਨਮਾਨ ਨਾਲ ਨਿਵਾਜ਼ਿਆ ਗਿਆ। ਉਹਨਾਂ 1984 ਵਿਚ ਆਪਰੇਸ਼ਨ ਬਲੂ ਸਟਾਰ ਦੇ ਸਮੇਂ ਸ੍ਰੀ ਦਰਬਾਰ ਸਾਹਿਬ ’ਤੇ ਹੋਏ ਹਮਲੇ ਦੇ ਵਿਰੋਧ ਵਿਚ ਇਹ ਸਨਮਾਨ ਵਾਪਸ ਕਰ ਦਿੱਤਾ ਸੀ। ਖ਼ੁਸ਼ਵੰਤ ਸਿੰਘ 1980-86 ਦੌਰਾਨ ਭਾਰਤ ਦੀ ਰਾਜ ਸਭਾ ਦੇ ਮੈਂਬਰ ਰਹੇ। 2006 ਵਿਚ ਉਹਨਾਂ ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬ ਰਤਨ ਸਨਮਾਨ ਦਿੱਤਾ ਗਿਆ। 2007 ਵਿਚ ਉਹਨਾਂ ਨੂੰ ਭਾਰਤ ਸਰਕਾਰ ਵੱਲੋਂ ਦੇਸ਼ ਦਾ ਦੂਜਾ ਸਰਵਉੱਚ ਨਾਗਰਿਕ ਪੁਰਸਕਾਰ ਪਦਮ ਵਿਭੂਸ਼ਣ ਅਤੇ ਨਿਸ਼ਾਨੇ ਖ਼ਾਲਸਾ ਸਨਮਾਨ ਮਿਲੇ। ਉਹਨਾਂ ਨੂੰ 2010 ਵਿਚ ਭਾਰਤੀ ਸਾਹਿਤ ਅਕਾਦਮੀ ਵੱਲੋਂ ਅਤੇ ਜਨਵਰੀ 2014 ਵਿਚ ਕਿੰਗਜ਼ ਕਾਲਜ ਲੰਡਨ ਵੱਲੋਂ ਫੈਲੋਸ਼ਿਪ ਪ੍ਰਦਾਨ ਕੀਤੀ ਗਈ। 2013 ਵਿਚ ਉਹਨਾਂ ਨੂੰ ਲਾਈਫ ਟਾਈਮ ਅਚੀਵਮੈਂਟ ਅਵਾਰਡ ਮਿਲਿਆ। ਅੰਤ ਉਹ 20 ਮਾਰਚ, 2014 ਨੂੰ ਇਕ ਸਦੀ ਤੋਂ ਕੁਝ ਮਹੀਨੇ ਘੱਟ ਜ਼ਿੰਦਗੀ ਮਾਣ ਕੇ ਇਸ ਸੰਸਾਰ ਤੋਂ ਚਲੇ ਗਏ।



# ਆਧੁਨਿਕਤਾ ਦੀ ਹੋੜ 'ਚ ਪੰਜਾਬੀਅਤ ਰੁਲੀ

ਨਵੇਂ ਜ਼ਮਾਨੇ ਦੇ ਨਾਲ ਨਾਲ ਚੱਲਣ ਨੂੰ ਹੀ ਆਧੁਨਿਕਤਾ ਦਾ ਨਾਂ ਦਿੱਤਾ ਗਿਆ ਹੈ। 'ਚਲਦਾ ਜ਼ਮਾਨਾ' ਜਾਂ 'ਅੱਜ' ਹਮੇਸ਼ਾ ਆਧੁਨਿਕਤਾ ਤੋਂ ਪ੍ਰਭਾਵਿਤ ਹੁੰਦਾ ਹੈ। ਆਧੁਨਿਕਤਾ ਦਾ ਮਤਲਬ ਸਮਝੀਏ ਤਾਂ ਇਸ ਵਿਚ ਸਮੇਂ ਦੇ ਬਦਲਾਅ ਅਨੁਸਾਰ ਬਹੁਤ ਕੁਝ ਸੋਧ ਕੇ ਪੇਸ਼ ਕੀਤਾ ਜਾਂਦਾ ਹੈ ਜਿਸ ਵਿਚ ਖੁੱਲ੍ਹ, ਅਜ਼ਾਦੀ, ਵਿਚਾਰ, ਪਹਿਰਾਵਾ, ਸੋਚਣੀ, ਲੇਖਣੀ, ਰਹਿਣੀ-ਬਹਿਣੀ ਅਤੇ ਪ੍ਰਗਟਾਵਾ ਆਦਿ ਅਤੇ ਹੋਰ ਵੀ ਬਹੁਤ ਕੁਝ ਹੁੰਦਾ ਹੈ, ਜਿਸ ਅਨੁਸਾਰ ਮਨੁੱਖ ਆਪਣੇ ਆਪ ਨੂੰ ਆਧੁਨਿਕ ਕਹਾਉਂਦਾ ਹੈ। ਇਸ ਤੋਂ ਵੀ ਹੋਰ ਉੱਚਾ ਹੋ ਕੇ ਦੇਖੀਏ ਤਾਂ ਪੱਛਮੀ ਸੱਭਿਅਤਾ ਦਾ ਰੰਗ ਆਪਣੇ ਉੱਪਰ ਚੜ੍ਹਾਉਣ ਨੂੰ ਵੀ ਆਧੁਨਿਕਤਾ ਦਾ ਨਾਂ ਦੇ ਦਿੱਤਾ ਜਾਂਦਾ ਹੈ। ਜੇ ਕੋਈ ਅੱਜ ਵੀ ਪਿਛਲੇ ਸਮਿਆਂ ਦੇ ਰਿਵਾਜਾਂ ਦਾ ਧਾਰਨੀ ਹੋਵੇ ਤਾਂ ਉਸ ਨੂੰ ਪੁਰਾਣੇ ਵਿਚਾਰਾਂ ਵਾਲਾ ਵਿਅਕਤੀ ਕਹਿ ਕੇ ਆਧੁਨਿਕ ਜ਼ਮਾਨੇ ਵੱਲੋਂ ਨਕਾਰ ਦਿੱਤਾ ਜਾਂਦਾ ਹੈ। ਜ਼ਮਾਨੇ ਦੇ ਨਾਲ-ਨਾਲ ਤੁਰਨਾ ਸਾਡੀ ਅਕਲ ਅਤੇ ਸੋਝੀ ਨੂੰ ਅਗਾਂਹ ਵਧੂ ਬਣਾਉਂਦਾ ਹੈ ਜਿਸ ਰਾਹੀਂ ਮਨੁੱਖ ਦੇ ਅੰਦਰ ਹੋਰ ਅੱਗੇ ਵਧਣ ਦੀ ਲਾਲਸਾ ਅਤੇ ਵਿਚਾਰ ਉਤਪੰਨ ਹੁੰਦੇ ਹਨ । ਇਸੇ ਕਰਕੇ ਮਨੁੱਖ ਆਧੁਨਿਕ ਜ਼ਮਾਨੇ ਨਾਲ ਤੁਰਦੇ-ਤੁਰਦੇ ਤਰੱਕੀਆਂ ਹਾਸਲ ਕਰਦਾ ਹੈ। ਤਕਨੀਕੀ, ਸਾਹਿਤਕ ਜਾਂ ਹੋਰ ਕਈ ਖੇਤਰਾਂ ਵਿਚ ਜ਼ਮਾਨੇ ਨਾਲ ਤੁਰਦਿਆਂ ਮਨੁੱਖ ਪ੍ਰਗਤੀਸ਼ੀਲ ਬਣਦਾ ਹੈ।

ਜਦ ਆਪਾਂ ਫੈਸ਼ਨ ਦੀ ਦੁਨੀਆ ਵਿਚ ਆਧੁਨਿਕਤਾ ਦੀ ਗੱਲ ਕਰਦੇ ਹਾਂ ਤਾਂ ਦੁਨੀਆ ਇਸ ਵਿਚ ਬਹੁਤ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਕਿਉਂਕਿ ਫੈਸ਼ਨ ਦਾ ਖੇਤਰ ਸਿੱਧੇ ਤੌਰ 'ਤੇ ਆਰਥਿਕ, ਸਮਾਜਿਕ, ਸੱਭਿਆਚਾਰਕ, ਮਨੋਰੰਜਨ, ਕਲਾਤਮਿਕ ਆਦਿ ਕਈ ਹੋਰ ਖੇਤਰਾਂ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ। ਸਾਡੇ ਸਮਾਜ ਉੱਪਰ ਇਸ ਦੇ ਬਹੁਤ ਪ੍ਰਭਾਵ ਪੈ ਰਹੇ ਹਨ। ਕਈ ਦਹਾਕੇ ਪਹਿਲਾਂ ਸਾਡੇ ਸਮਾਜ ਵਿਚ ਘੁੰਡ ਕੱਢਣ ਦਾ ਰਿਵਾਜ ਸੀ। ਘੁੰਡ ਕੱਢਣ ਤੋਂ ਭਾਵ ਪਰਦਾ ਕਰਨਾ ਜਾਂ ਔਰਤਾਂ ਵੱਲੋਂ ਸਿਰ 'ਤੇ ਲੈਣ ਵਾਲੇ ਦੁੱਪਟੇ ਨਾਲ਼ ਮੂੰਹ ਕੱਜਣ ਦਾ ਰਿਵਾਜ ਸੀ। ਘੁੰਡ ਭਾਰਤੀ ਸੱਭਿਆਚਾਰ ਦਾ ਅਹਿਮ ਹਿੱਸਾ ਸੀ, ਇਹ ਵੱਡਿਆਂ ਪ੍ਰਤੀ ਸਤਿਕਾਰ ਦਾ ਪ੍ਰਤੀਕ ਸੀ। ਘੁੰਡ ਭਾਰਤੀ ਔਰਤ ਦੇ ਲਿਬਾਸ ਦਾ ਉਹ ਹਿੱਸਾ ਸੀ ਜੋ ਉਸ ਨੂੰ ਸੰਗ-ਸ਼ਰਮ ਤੇ ਝਿਜਕ ਦਾ ਅਹਿਸਾਸ ਕਰਵਾਉਂਦਾ ਸੀ ਅਤੇ ਨਾਲ ਹੀ ਵੱਡੇ-ਛੋਟੇ ਰਿਸ਼ਤਿਆਂ ਦੀ ਅਹਿਮੀਅਤ ਬਣਾਈ ਰੱਖਦਾ ਸੀ। ਘੁੰਡ ਦੇ ਰੂਪ ਵੀ ਸਮੇਂ ਦੇ ਬਦਲਾਅ ਅਤੇ ਆਧੁਨਿਕਤਾ ਦੀ ਹਾਮੀ ਭਰਦੇ ਹਨ। ਪਹਿਲਾਂ ਪਹਿਲ ਔਰਤਾਂ ਵੱਲੋਂ ਲੰਮਾ ਸਾਰਾ ਦੋਹਰਾ ਘੁੰਡ ਕੱਢਿਆ ਜਾਂਦਾ ਸੀ। ਫਿਰ ਜ਼ਮਾਨੇ ਦੇ ਬਦਲਣ ਨਾਲ ਔਰਤਾਂ ਇਕਹਿਰਾ ਘੁੰਡ ਕੱਢਣ ਲੱਗੀਆਂ, ਇਸੇ ਤਰ੍ਹਾਂ ਹੋਰ ਜ਼ਮਾਨਾ ਬਦਲਣ ਨਾਲ ਔਰਤਾਂ ਅੱਧਾ ਘੁੰਡ ਕੱਢਣ ਲੱਗੀਆਂ ਤੇ ਫਿਰ ਕਾਣਾ ਘੁੰਡ ਕੱਢਣ ਲੱਗੀਆਂ ਜਿਸ ਵਿਚ ਉਨ੍ਹਾਂ ਵੱਲੋਂ ਸਿਰਫ਼ ਜਿਸ ਪਾਸੇ ਬਜ਼ੁਰਗ ਆ ਰਿਹਾ ਹੁੰਦਾ ਸੀ ਉਸ ਪਾਸਿਓਂ ਹੀ ਚੁੰਨੀ ਦਾ ਪੱਲਾ ਹੱਥ ਨਾਲ਼ ਫੜ ਕੇ ਮੂੰਹ ਢੱਕ ਲਿਆ ਜਾਂਦਾ ਸੀ। ਫਿਰ ਔਰਤ ਜਿਵੇਂ ਹੀ ਆਜ਼ਾਦੀ ਦੀ ਦਹਿਲੀਜ਼ ਵੱਲ ਵੱਧਣ ਲੱਗੀ ਤਾਂ ਘੁੰਡ ਅਲੋਪ ਹੋਣ ਲੱਗਿਆ। ਪਹਿਲਾਂ ਪਹਿਲ ਤਾਂ ਘਰ ਦੇ ਬਜ਼ੁਰਗਾਂ ਵੱਲੋਂ ਹੀ ਇਸ ਗੱਲ ਦੀ ਪਹਿਲ ਕਦਮੀ ਕਰਦਿਆਂ ਆਪਣੀ ਨੂੰਹ ਨੂੰ ਆਖ ਦਿੱਤਾ ਜਾਂਦਾ ਸੀ, 'ਭਾਈ ਕੁੜੀਏ... ਤੂੰ ਵੀ ਸਾਡੀ ਧੀ ਈ ਐਂ... ਸਾਨੂੰ ਤੇਰੇ ਅਤੇ ਸਾਡੀ ਆਪਣੀ ਜਾਈ ਵਿਚ... ਕੋਈ ਫ਼ਰਕ ਨਹੀਂ... ਤੂੰ ਘੁੰਡ ਨਾ ਕੱਢਿਆ ਕਰ..!' ਕਹਿਕੇ ਵਹੁਟੀ ਲਈ ਆਜ਼ਾਦੀ ਦਾ ਵਿਗਲ ਵਜਾ ਦਿੱਤਾ ਜਾਂਦਾ ਸੀ। ਫਿਰ ਉਹ ਹੌਲੀ-ਹੌਲੀ ਆਪਣੇ ਰਿਸ਼ਤੇਦਾਰਾਂ ਅਤੇ ਸ਼ਰੀਕੇ ਵਾਲਿਆਂ ਨੂੰ ਦੱਸ ਦਿੰਦੇ, 'ਭਾਈ ਅਸੀਂ ਤਾਂ ਆਪਣੀਆਂ ਵਹੁਟੀਆਂ ਦਾ ਘੁੰਡ ਚੁੱਕਵਾ ਦਿੱਤਾ ਹੈ, ਵਿਚਾਰੀਆਂ ਕੰਮ ਕਰਨ ਜਾਂ ਘੁੰਡ ਸੰਭਾਲਣ ਸਾਨੂੰ ਤਾਂ ਉਹ ਆਪਣੀਆਂ ਧੀਆਂ ਈ ਲੱਗਦੀਆਂ ਨੇ।' ਇਸ ਤੋਂ ਪਰਿਵਾਰ ਦੇ ਆਜ਼ਾਦ ਖ਼ਿਆਲਾਂ ਦੇ ਹੋਣ ਦੀ ਮੋਹਰ ਲੱਗਣ ਲੱਗੀ। ਇਸ ਤਰ੍ਹਾਂ ਦੇਖਾ-ਦੇਖੀ ਸਾਰੇ ਲੋਕ ਆਪਣੀਆਂ ਨੂੰਹਾਂ ਨੂੰ ਇਸ ਘੁੰਡ ਵਾਲ਼ੀ 'ਗੁਲਾਮੀ' ਤੋਂ ਨਿਜ਼ਾਤ ਦਿਵਾਉਣ ਲੱਗੇ। ਵੱਡਿਆਂ ਵੱਲੋਂ ਗ਼ੁਲਾਮੀ ਤੋਂ ਐਸੀ ਨਿਜ਼ਾਤ ਦਵਾਈ ਗਈ ਕਿ ਸ਼ਰਮ ਤੇ ਲੱਜਾ ਵੀ ਨਾਲ ਹੀ ਤੁਰ ਗਏ। ਹੌਲੀ-ਹੌਲੀ ਔਰਤ ਦੀ ਆਜ਼ਾਦੀ ਦੇ ਕਦਮ ਐਸੇ ਅੱਗੇ ਨੂੰ ਵਧੇ ਕਿ ਚੁੰਨੀ ਸਿਰੋਂ ਉੱਤਰ ਕੇ ਗ਼ਲ਼ ਵਿਚ ਲਮਕਣ ਲੱਗੀ ਤੇ ਫਿਰ ਗ਼ਲ਼ ਵਿੱਚੋਂ ਉਤਰ ਕੇ ਇਕ ਮੋਢੇ 'ਤੇ ਲਟਕਾਈ ਜਾਣ ਲੱਗੀ, ਅੱਜ-ਕੱਲ੍ਹ ਵੱਡੇ ਸ਼ਹਿਰਾਂ ਵਿਚ ਬਹੁਤਾ ਕਰਕੇ ਸੂਟਾਂ ਨਾਲ ਦੁੱਪਟਾ ਲੈਣ ਦਾ ਰਿਵਾਜ ਵੀ ਅਲੋਪ ਹੋਣ ਲੱਗਿਆ ਹੈ। ਚਲੋ ਇੱਥੇ ਤੱਕ ਵੀ ਠੀਕ ਹੈ ਜੇ ਸਾਡੀ ਸੋਚ ਆਧੁਨਿਕ ਹੈ ਜਾਂ ਅਸੀਂ ਜ਼ਮਾਨੇ ਦੇ ਨਾਲ-ਨਾਲ ਤੁਰ ਰਹੇ ਹਾਂ।

ਜਿਵੇਂ-ਜਿਵੇਂ ਵਿਸ਼ਵੀਕਰਨ ਹੋਣ ਲੱਗਿਆ, ਸਾਡੇ ਬੱਚੇ ਤੇਜ਼ੀ ਨਾਲ ਬਹੁਮਾਤਰਾ ਵਿਚ ਵਿਦੇਸ਼ਾਂ ਵੱਲ ਨੂੰ ਰੁਖ਼ ਕਰਨ ਲੱਗੇ ਤਾਂ ਬੱਚਿਆਂ ਤੋਂ ਪਹਿਲਾਂ ਉਨ੍ਹਾਂ ਦੇ ਮਾਪਿਆਂ ਅੰਦਰ ਬਹਤੀ ਜ਼ਿਆਦਾ ਨਵੀਨਤਮ ਸੋਚ ਪੈਦਾ ਹੋਣ ਲੱਗੀ। ਕੁੜੀਆਂ ਖ਼ਾਤਰ ਪੱਛਮੀ ਪਹਿਰਾਵੇ, ਵਾਲ਼ਾਂ ਨੂੰ ਰੰਗ ਕਰਵਾ ਅਤੇ ਸਿੱਧੇ (ਸਟ੍ਰੇਟ) ਕਰਵਾ ਕੇ ਹੀ ਜਹਾਜ਼ੀ ਚਾੜ੍ਹਿਆ ਜਾਣ ਲੱਗਿਆ। ਜਿਹੜੇ ਮਾਪੇ ਆਪਣੀ ਧੀ ਨੂੰ ਪਿੰਡ ਦੀ ਗਲ਼ੀ ਦੀ ਹੱਟੀ ਵਿਚ ਇਕੱਲੇ ਨਹੀਂ ਜਾਣ ਦਿੰਦੇ ਸਨ ਉਹੀ ਮਾਪੇ ਆਪਣੀਆਂ ਧੀਆਂ ਨੂੰ ਵਿਦੇਸ਼ਾਂ ਵਿਚ ਇਕੱਲੇ ਤੋਰਨ ਲੱਗੇ।

ਪਹਿਰਾਵੇ ਦੇ ਨਾਲ ਹੌਲੀ-ਹੌਲੀ ਸਾਡੇ ਵਿਆਹਾਂ ਅਤੇ ਰੀਤੀ ਰਿਵਾਜਾਂ ਉੱਤੇ ਵੀ ਵਿਦੇਸ਼ੀ ਸਭਿਅਤਾ ਭਾਰੂ ਹੋਣ ਲੱਗੀ। ਜਿਹੜੀ ਮਹਿੰਦੀ ਜੋ ਕਦੇ ਸ਼ਗਨਾਂ ਦੀ ਇਕ ਪਵਿੱਤਰ ਰਸਮ ਹੁੰਦੀ ਸੀ, ਜਿਸ ਨੂੰ ਕੁੜੀਆਂ ਦਿਨ ਤਿਉਹਾਰ ਤੇ ਰਲ਼ ਬੈਠੇ ਕੇ ਇਕ ਦੂਜੇ ਦੇ ਲਗਾਉਂਦੀਆਂ ਸਨ, ਉਹ ਕਿੱਤਾਕਾਰਾਂ ਦੇ ਹੱਥ ਵਿਚ ਆ ਗਈ, ਫਿਰ ਮਹਿੰਗੇ ਭਾਅ ਤੇ ਸੋਹਣੇ ਡਿਜ਼ਾਈਨਾਂ ਵਾਲੀਆਂ ਮਹਿੰਦੀਆਂ ਲੱਗਣ ਦਾ ਰਿਵਾਜ ਸ਼ੁਰੂ ਹੋਇਆ ਪਰ ਕਦੋਂ ਇਹ ਰਿਵਾਜ ਬੇਸ਼ਰਮੀ ਦੀ ਹੱਦ ਤੱਕ ਪਹੁੰਚ ਗਿਆ, ਸਾਨੂੰ ਆਪ ਕੰਨੋਂ-ਕੰਨ ਖ਼ਬਰ ਨਹੀਂ ਹੋਈ। ਅੱਜ-ਕੱਲ੍ਹ ਤਾਂ ਮਹਿੰਦੀ ਲਗਾਉਣ ਦੇ ਮਾਹਰ ਮਰਦਾਂ ਨੂੰ ਸ਼ਗਨ ਵਾਲ਼ੇ ਘਰ ਬੁਲਾ ਕੇ ਲੱਤਾਂ ਬਾਹਾਂ ਦੇ ਉੱਪਰ ਤੱਕ ਮਹਿੰਦੀ ਲਗਾਈ ਜਾਂਦੀ ਹੈ।

ਅੱਜ-ਕੱਲ੍ਹ ਸੋਸ਼ਲ ਮੀਡੀਆ ਤੇ ਮਸ਼ਹੂਰ ਹੋਣ ਖ਼ਾਤਰ ਜਾਂ ਰੀਲਾਂ ਪਾਉਣ ਖ਼ਾਤਰ ਕੁੜੀਆਂ ਆਪਣੇ ਸਰੀਰ ਦੇ ਇਹੋ ਜਿਹੇ ਅੰਗਾਂ ਤੇ ਟੈਟੂ ਖੁਣਵਾਉਂਦੀਆਂ ਹਨ ਕਿ ਹਰ ਕੋਈ ਇਹ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਉਹ ਟੈਟੂ ਖੁਣਵਾਉਣ ਲਈ ਨੰਗੇਜ਼ ਦਾ ਸਹਾਰਾ ਲੈਣਾ ਪਿਆ ਹੋਵੇਗਾ। ਫਿਰ ਕਈ ਕੁੜੀਆਂ ਵੱਲੋਂ ਆਪਣੀ ਧੁੰਨੀ, ਪਿੱਠ, ਗਰਦਨ, ਛਾਤੀ ਅਤੇ ਪੱਟਾਂ ਉੱਤੇ ਖੁਣਵਾਏ ਟੈਟੂਆਂ ਦੀ ਪ੍ਰਦਰਸ਼ਨੀ ਕਰਨ ਲਈ ਉਹੋ ਜਿਹੇ ਹੀ ਪਹਿਰਾਵੇ ਪਾ ਕੇ ਸੋਸ਼ਲ ਮੀਡੀਆ ਉੱਤੇ ਰੀਲਾਂ ਬਣਾ ਕੇ ਪ੍ਰਦਰਸ਼ਿਤ ਕੀਤਾ ਜਾਂਦਾ ਹੈ। ਇਹ ਸਭ ਤਾਂ ਸਾਡੀ ਤਹਿਜ਼ੀਬ ਜਾਂ ਸੱਭਿਆਚਾਰ ਦਾ ਹਿੱਸਾ ਬਿਲਕੁਲ ਨਹੀਂ ਸੀ। ਬੇਸ਼ੱਕ ਇਹੋ ਜਿਹੇ ਲੋਕ ਇਸ ਸਭ ਕਰਕੇ ਆਪਣੇ ਆਪ ਨੂੰ ਆਧੁਨਿਕ ਹੋਣ ਦਾ ਦਿਖਾਵਾ ਕਰਦੇ ਹਨ। ਜੇ ਕੋਈ ਇਸ ਗੱਲ ਉੱਤੇ ਕਿੰਤੂ ਪ੍ਰੰਤੂ ਕਰਦਾ ਹੈ ਤਾਂ ਉਸ ਨੂੰ ਪੁਰਾਣੇ ਵਿਚਾਰਾਂ ਦਾ ਧਾਰਨੀ ਕਹਿ ਕੇ ਉਸ ਦੀ ਹੇਠੀ ਕੀਤੀ ਜਾਂਦੀ ਹੈ। ਇਹ ਸਭ ਕੁਝ ਅਖੌਤੀ ਆਧੁਨਿਕਤਾ ਦੇ ਪ੍ਰਭਾਵ ਹੇਠ ਅਖੌਤੀ ਨਵੀਨਤਮ ਸੋਚ ਦੇ ਲੋਕਾਂ ਲਈ ਆਮ ਜਿਹੀ ਗੱਲ ਹੋ ਸਕਦੀ ਹੈ ਪਰ ਇਸ ਸਭ ਰਾਹੀਂ ਸਾਡੇ ਸਮਾਜ ਨੂੰ ਕੋਈ ਵਧੀਆ ਸੰਦੇਸ਼ ਨਹੀਂ ਜਾ ਰਿਹਾ। ਇਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਵਿਚ ਅਨੈਤਿਕਤਾ ਉਤਪੰਨ ਹੋ ਰਹੀ ਹੈ ਜਿਸ ਕਰਕੇ ਅੱਜ-ਕੱਲ੍ਹ ਦੀ ਨੌਜਵਾਨੀ ਰਿਸ਼ਤਿਆਂ ਦੀ ਪ੍ਰਵਾਹ ਨਹੀਂ ਕਰਦੀ, ਆਪਣੇ ਵੱਡਿਆਂ ਦੀ ਸਲਾਹ ਲੈਣੀ ਪਸੰਦ ਨਹੀਂ ਕਰਦੀ।

**-ਬਰਜਿੰਦਰ ਕੌਰ ਬਿਸਰਾਓ**

| | | | | | |
|---|---|---|---|---|---|
| ੳ | ਅ | ੲ | ਸ | ਹ | |
| ਕ | ਖ | ਗ | ਘ | ਙ | |
| ਚ | ਛ | ਜ | ਝ | ਞ | |
| ਟ | ਠ | ਡ | ਢ | ਣ | |
| ਤ | ਥ | ਦ | ਧ | ਨ | |
| ਪ | ਫ | ਬ | ਭ | ਮ | |
| ਯ | ਰ | ਲ | ਵ | ੜ | |
| ਸ਼ | ਖ਼ | ਗ਼ | ਜ਼ | ਫ਼ | ਲ਼ |




# ਸੋਸ਼ਲ ਮੀਡੀਆ ਨੇ ਬੱਚੇ ਕੁਰਾਹੇ ਪਾਏ

ਇੰਟਰਨੈੱਟ ਮੀਡੀਆ ਆਪਣੇ ਖ਼ਤਰਨਾਕ ਰੁਝਾਨ ਵੱਲ ਵਧ ਰਿਹਾ ਹੈ। ਬੱਚਿਆਂ, ਜਵਾਨਾਂ ਤੇ ਬਜ਼ੁਰਗਾਂ ਨੂੰ ਇਸ ਵੇਲੇ ਧੜੱਲੇ ਨਾਲ ਸੋਸ਼ਲ ਮੀਡੀਆ ਐਪਸ ਦੀ ਵਰਤੋਂ ਕਰਦਿਆਂ ਦੇਖਿਆ ਜਾ ਸਕਦਾ ਹੈ। ਸਮਾਜਿਕ ਤਾਣੇ-ਬਾਣੇ ਦੇ ਆਲੇ ਦੁਆਲੇ ਮਨੋਰੰਜਨ ਨਾਲ ਜੁੜੇ ਐਪਸ ਨੇ ਆਪਣੀ ਪਕੜ ਮਜ਼ਬੂਤ ਕੀਤੀ ਹੈ। ਖ਼ਾਸ ਤੌਰ ’ਤੇ ਵਿਦਿਆਰਥੀ ਵਰਗ ਨੂੰ ਇਹ ਚਿੰਤਾਜਨਕ ਪੱਧਰ ਤੱਕ ਪ੍ਰਭਾਵਿਤ ਕਰ ਰਹੇ ਹਨ।



ਪਿਛਲੇ ਦਿਨੀਂ ਸੀਬੀਐੱਸਈ ਵੱਲੋਂ ਜਾਰੀ ਰਿਪੋਰਟ ਮੁਤਾਬਕ ਵਿਦਿਆਰਥੀਆਂ ’ਚ ਸੋਸ਼ਲ ਮੀਡੀਆ ਦੀ ਲਤ ਲਗਾਤਾਰ ਵਧ ਰਹੀ ਹੈ। ਵਿਦਿਆਰਥੀ ਪ੍ਰੀਖਿਆਵਾਂ ਦੀ ਤਿਆਰੀ ਕਰਨ ਦੀ ਥਾਂ ਜ਼ਿਆਦਾ ਸਮਾਂ ਸੋਸ਼ਲ ਮੀਡੀਆ ਐਪਸ ’ਤੇ ਬਿਤਾ ਰਹੇ ਹਨ। ਸੀਬੀਐੱਸਈ ਨੇ ਪ੍ਰੀਖਿਆਵਾਂ ਤੋਂ ਪਹਿਲਾਂ ਕੌਂਸਲਿੰਗ ਹੈਲਪਲਾਈਨ ਤਿਆਰ ਕੀਤੀ ਹੈ। ਇਸ ’ਤੇ ਮਹਿਜ਼ 20 ਦਿਨਾਂ ’ਚ ਇਕ ਹਜ਼ਾਰ ਕਾਲਾਂ ਆਈਆਂ ਹਨ ਜਿਨ੍ਹਾਂ ’ਚ ਮਾਪਿਆਂ ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਬੱਚੇ ਪ੍ਰੀਖਿਆਵਾਂ ਦੀ ਤਿਆਰੀ ਨੂੰ ਲੈ ਕੇ ਗੰਭੀਰ ਨਹੀਂ ਹਨ। ਉਹ ਸਿਰਫ਼ ਇੰਟਰਨੈੱਟ ਮੀਡੀਆ ਵਰਤ ਰਹੇ ਹਨ।

ਕਈਆਂ ਨੇ ਸਕੂਲ ਜਾਣਾ ਛੱਡ ਦਿੱਤਾ ਹੈ। ਇਹ ਇਕੱਲੀ ਭਾਰਤ ਦੀ ਸਮੱਸਿਆ ਨਹੀਂ ਹੈ ਕਿ ਬੱਚਿਆਂ ਨੂੰ ਸੋਸ਼ਲ ਮੀਡੀਆ ਨੇ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ। ਦੂਜੇ ਮੁਲਕਾਂ ’ਚ ਵੀ ਇਹੀ ਹਾਲ ਹੈ। ਹਾਲਾਂਕਿ ਆਸਟ੍ਰੇਲੀਆ ਪਹਿਲਾ ਅਜਿਹਾ ਮੁਲਕ ਹੈ ਜਿਸ ਨੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ’ਚ ਸੋਸ਼ਲ ਮੀਡੀਆ ਦੀ ਵਰਤੋਂ ’ਤੇ ਮੁਕੰਮਲ ਪਾਬੰਦੀ ਲਗਾਈ ਹੈ। ਇਸ ਸਾਲ ਦੀ ਸ਼ੁਰੂਆਤ ’ਚ ਆਸਟ੍ਰੇਲੀਆ ਨੇ ਨਾਬਾਲਗ ਬੱਚਿਆਂ ਦੇ 47 ਲੱਖ ਤੋਂ ਵੱਧ ਸੋਸ਼ਲ ਮੀਡੀਆ ਖਾਤੇ ਬੰਦ ਕਰ ਦਿੱਤੇ ਹਨ। ਹਾਲਾਂਕਿ ਆਲਮੀ ਪੱਧਰ ’ਤੇ ਇਹ ਬਹਿਸ ਵੀ ਚੱਲ ਰਹੀ ਹੈ ਕਿ ਬੱਚਿਆਂ ਨੂੰ ਇਸ ਤਰ੍ਹਾਂ ਮੋਬਾਈਲ ਨਾਲੋਂ ਤੋੜਨਾ ਉਨ੍ਹਾਂ ਦੇ ਤਕਨੀਕੀ ਵਿਕਾਸ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਹੁਣ ਡੈਨਮਾਰਕ ਵੀ 15 ਸਾਲ ਤੋ ਘੱਟ ਉਮਰ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਖਾਤਿਆਂ ’ਤੇ ਪਾਬੰਦੀ ਲਗਾਉਣ ਦੀ ਤਿਆਰੀ ’ਚ ਹੈ। ਨਾਰਵੇ ਨੇ ਵੀ ਅਜਿਹੀ ਤਿਆਰੀ ਖਿੱਚੀ ਹੈ।

ਫਰਾਂਸ ਦੀ ਸੰਸਦ ਵੱਲੋਂ ਵੀ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਖਾਤੇ ਬੰਦ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਸਪੇਨ ਦੀ ਸਰਕਾਰ ਨੇ ਵੀ ਇਕ ਖਰੜਾ ਤਿਆਰ ਕੀਤਾ ਹੈ ਜਿਸ ਮੁਤਾਬਕ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਖਾਤਿਆਂ ’ਤੇ ਧਿਆਨ ਰੱਖਿਆ ਜਾਵੇਗਾ। ਇਸੇ ਤਰ੍ਹਾਂ ਯੂਕੇ ਨੇ ਵੀ ਸੋਸ਼ਲ ਮੀਡੀਆ ਕੰਪਨੀਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਜੇ ਇੰਟਰਨੈੱਟ ਮੀਡੀਆ ਬੱਚਿਆਂ ਦਾ ਨੁਕਸਾਨ ਕਰਦਾ ਹੈ ਤਾਂ ਉਨ੍ਹਾਂ ਨੂੰ ਜੇਲ੍ਹ ਜਾਣਾ ਪੈ ਸਕਦਾ ਹੈ।

ਅਮਰੀਕਾ ਦੇ ਇਕ ਸੂਬੇ ਨੇ ਵੀ 18 ਤੋਂ ਘੱਟ ਉਮਰ ਦੇ ਬੱਚਿਆਂ ਦੇ ਖਾਤਿਆਂ ’ਤੇ ਪਾਬੰਦੀ ਲਾਈ ਹੈ। ਭਾਰਤ ’ਚ ਸੋਸ਼ਲ ਮੀਡੀਆ ਦੀ ਵਰਤੋਂ ਅੰਨ੍ਹੇਵਾਹ ਹੋ ਰਹੀ ਹੈ। ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਹਰ ਚੀਜ਼ ਅਪਲੋਡ ਕੀਤੀ ਜਾ ਰਹੀ ਹੈ। ਇਸ ਦੇ ਨੁਕਸਾਨ ਵੀ ਸਾਹਮਣੇ ਆਏ ਹਨ। ਕਈ ਮਾਮਲਿਆਂ ’ਚ ਮਾਪਿਆਂ ਦੀ ਸਹਿਮਤੀ ਹੈ ਤੇ ਕੁਝ ਅਜਿਹੇ ਮਾਮਲੇ ਹਨ ਜਿਨ੍ਹਾਂ ’ਚ ਮਾਪਿਆਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਕਰਨਾ ਬੱਚਿਆਂ ਨਾਲ ਧੱਕਾ ਹੈ।

ਭਾਰਤ ’ਚ 500 ਮਿਲੀਅਨ ਤੋਂ ਵੱਧ ਸੋਸ਼ਲ ਮੀਡੀਆ ਖਾਤੇ ਹਨ। ਇਨ੍ਹਾਂ ’ਚ ਉਹ ਗਿਣਤੀ ਵੱਖਰੀ ਹੈ ਜਿਸ ’ਚ ਇਕ ਵਿਅਕਤੀ ਇਕ ਤੋਂ ਵੱਧ ਖਾਤੇ ਬਣਾ ਕੇ ਇੰਟਰਨੈੱਟ ਮੀਡੀਆ ਵਰਤ ਰਿਹਾ ਹੈ। ਯੂਟਿਊਬ, ਇੰਸਟਾਗ੍ਰਾਮ, ਫੇਸਬੁੱਕ, ਸਨੈਪਚੈਟ ਤੇ ਸ਼ੇਅਰਚੈਟ ਐਪਸ ਦੀ ਵਰਤੋਂ ਮਨੋਰੰਜਨ ਲਈ ਕੀਤੀ ਜਾ ਰਹੀ ਹੈ ਪਰ ਮਨੋਰੰਜਨ ਦੇ ਨਾਂ ’ਤੇ ਪਾਬੰਦੀਸ਼ੁਦਾ ਡਾਟਾ ਵੀ ਸ਼ੇਅਰ ਕੀਤਾ ਜਾ ਰਿਹਾ ਹੈ। ਇਸ ਦੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਖ਼ਤਰਨਾਕ ਸਿੱਟੇ ਨਿਕਲ ਰਹੇ ਹਨ।

ਆਸਟ੍ਰੇਲੀਆ ਤੋਂ ਸੇਧ ਲੈ ਕੇ ਬੱਚਿਆਂ ਦੇ ਮਾਨਸਿਕ ਵਿਕਾਸ ਲਈ ਫ਼ੌਰੀ ਕਦਮ ਚੁੱਕਣ ਦੀ ਜ਼ਰੂਰਤ ਹੈ।

A CREATIVE DESIGN & PRINT SOURCE

ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ
ਵਿਆਹ-ਸ਼ਾਦੀਆਂ ਦੇ ਕਾਰਡ

DESIGN 360
GRAPHICS & PROMOTIONS INC.
.... create a new

GRAPHIC
DESIGNING

PRODUCT
PHOTOGRAPHY

OFFSET / DIGITAL
PRINTING

SIGNAGES
DISPLAYS

CONTACT: AMANDEEP SINGH
604 590 0066 / 604 317 8750
#1 13415 76 AVE. SURREY




Eligible for
3 Years PGWP

Total Duration:
1.5 - 2 Years

Train On
CESSNA 172

**From PPL to CPL, Your Aviation Career Begins Here**

Embark on an exhilarating journey into the world of aviation with Western Community College's comprehensive Aviation Diploma program. Designed to equip aspiring pilots with the skills and knowledge needed to soar to new heights, this diploma offers a structured pathway from Private Pilot License (PPL) to Commercial Pilot License (CPL).

45 Flying Hours
**Private Pilot License**

155 Flying Hours
**Commercial Pilot License**

200 Flying Hours
Graduate with **PPL + CPL Dual Credentials**

WCC

**Flying School**
Hangar F, Unit 120,
1185 Townline Road
Abbotsford, BC V2T 6E1
**abbyinfo@wcc.ca**

**Abbotsford**
Unit 201, 3670 Townline Rd
Abbotsford, BC V2T 5W8
+1-604-776-1301
**abbyinfo@wcc.ca**

WALKER HOUSE



NOW SELLING

NORTH DELTA'S FLAGSHIP
HIGH-RISE COMMUNITY

Soaring 29-storeys above North Delta's skyline, Walker House offers 17,000 SF of amenities and unobstructed sweeping vistas of the Fraser River, North Shore Mountains and urban landscape.

**Starting from the mid $400s. Parking included.**

BOOK A PRIVATE VIEWING
WalkerHouseDelta.com

BMG REAL ESTATE
BUILDING COMMUNITIES

MARKETING BY
rennie

This is not an offering for sale. Any such offering can only be made with a disclosure statement. Prices are subject to change without notice. The developer reserves the right to make changes and modifications to the information contained herein without prior notice. Artist's renderings are representations only and may not be accurate. E.&O.E.

# ਭਾਰਤ ਨੇ 6ਵੀਂ ਵਾਰ ਜਿੱਤਿਆ ਅੰਡਰ-19 ਵਰਲਡ ਕੱਪ



ਭਾਰਤੀ ਅੰਡਰ-19 ਕ੍ਰਿਕਟ ਟੀਮ ਨੇ ਸ਼ੁੱਕਰਵਾਰ ਨੂੰ ਇੰਗਲੈਂਡ ਨੂੰ 100 ਦੌੜਾਂ ਨਾਲ ਹਰਾ ਕੇ ਛੇਵੀਂ ਵਾਰ ਵਿਸ਼ਵ ਕੱਪ ਦਾ ਖਿਤਾਬ ਆਪਣੇ ਨਾਮ ਕਰ ਲਿਆ ਹੈ। ਹਰਾਰੇ ਸਪੋਰਟਸ ਕਲੱਬ ਵਿੱਚ ਖੇਡੇ ਗਏ ਇਸ ਫਾਈਨਲ ਮੁਕਾਬਲੇ ਵਿੱਚ ਭਾਰਤ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ 50 ਓਵਰਾਂ ਵਿੱਚ 9 ਵਿਕਟਾਂ ਦੇ ਨੁਕਸਾਨ ’ਤੇ 411 ਦੌੜਾਂ ਦਾ ਵਿਸ਼ਾਲ ਸਕੋਰ ਖੜ੍ਹਾ ਕੀਤਾ। ਭਾਰਤ ਦੀ ਇਸ ਜਿੱਤ ਦਾ ਸਭ ਤੋਂ ਵੱਡਾ ਹੀਰੋ 14 ਸਾਲਾ ਵੈਭਵ ਸੂਰਿਆਵੰਸ਼ੀ ਰਿਹਾ, ਜਿਸ ਨੇ ਮਹਿਜ਼ 80 ਗੇਂਦਾਂ ਵਿੱਚ 175 ਦੌੜਾਂ ਦੀ ਧਮਾਕੇਦਾਰ ਪਾਰੀ ਖੇਡੀ। ਵੈਭਵ ਨੇ ਆਪਣੀ ਪਾਰੀ ਵਿੱਚ 15 ਚੌਕੇ ਅਤੇ 15 ਛੱਕੇ ਜੜੇ, ਜਿਸ ਨਾਲ ਇੰਗਲੈਂਡ ਦੇ ਗੇਂਦਬਾਜ਼ ਬੇਵੱਸ ਨਜ਼ਰ ਆਏ। 412 ਦੌੜਾਂ ਦੇ ਵੱਡੇ ਟੀਚੇ ਦਾ ਪਿੱਛਾ ਕਰਨ ਉਤਰੀ ਇੰਗਲੈਂਡ ਦੀ ਟੀਮ 40.2 ਓਵਰਾਂ ਵਿੱਚ 311 ਦੌੜਾਂ ’ਤੇ ਸਿਮਟ ਗਈ। ਹਾਲਾਂਕਿ ਇੰਗਲੈਂਡ ਦੇ ਕਾਲੇਬ ਫਾਕਨਰ ਨੇ 115 ਦੌੜਾਂ ਬਣਾ ਕੇ ਲੜਾਈ ਲੜਨ ਦੀ ਕੋਸ਼ਿਸ਼ ਕੀਤੀ, ਪਰ ਭਾਰਤੀ ਗੇਂਦਬਾਜ਼ਾਂ ਸਾਹਮਣੇ ਉਹ ਜ਼ਿਆਦਾ ਦੇਰ ਟਿਕ ਨਹੀਂ ਸਕੇ। ਭਾਰਤ ਵੱਲੋਂ ਆਰ.ਐੱਸ. ਅੰਬਰੀਸ਼ ਨੇ ਸਭ ਤੋਂ ਵੱਧ 3 ਵਿਕਟਾਂ ਲਈਆਂ, ਜਦਕਿ ਦੀਪੇਸ਼ ਦੇਵੇਂਦਰਨ ਅਤੇ ਕਨਿਸ਼ਕ ਚੌਹਾਨ ਨੇ 2-2 ਵਿਕਟਾਂ ਝਟਕਾਈਆਂ। ਇਸ ਸ਼ਾਨਦਾਰ ਜਿੱਤ ਨਾਲ ਭਾਰਤ ਨੇ ਇੱਕ ਵਾਰ ਫਿਰ ਵਿਸ਼ਵ ਕ੍ਰਿਕਟ ਵਿੱਚ ਆਪਣੀ ਸਰਦਾਰੀ ਸਾਬਤ ਕਰ ਦਿੱਤੀ ਹੈ।

*Celebrating*
THE LIFE OF



## Ranjit Katyal

SUNDAY FEBRUARY 8, 2026
3:00 PM

Riverside Funeral Home
7410 Hopcott Road, Delta


STAR AUTOBODY

ICBC c.a.r. shop VALET
Accredited Collision Repairs & Valet Service

ICBC Glass EXPRESS



SPECIALIZE
- All vehicles any make or model
- Commercial Trucks, any make or model

CERTIFIED
- ICBC CARSHOP Valet Express Shop with certified technicians and equipment
- ICBC Glass Express
- Private Insurance Companies

*We handle private insurance claims:*
family INSURANCE | intact INSURANCE | canadian direct insurance.
economical INSURANCE | CNS | RSA

**604-597-5151**
*8277-124th St., Surrey, BC V3W 9G2*
*Ph: 604-597-5151 / Fax: 604-597-5195*
*www.startautobody.net*

SERVICE
Open Monday-Saturday - 8 am to 6 pm
- Courtesy Cars
- Vehicle pick-up and drop-off

# ਮਹਿੰਦਰ ਸਿੰਘ ਰੰਧਾਵਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਅਲੰਬਰਦਾਰ

ਡਾ. ਰੰਧਾਵਾ ਦਾ ਜਨਮ 2 ਫਰਵਰੀ 1909 ਨੂੰ ਜ਼ੀਰਾ, ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਜੱਟ ਸਿੱਖ ਪਰਿਵਾਰ ਵਿੱਚ ਹੋਇਆ ਸੀ, ਪਰ ਉਨ੍ਹਾਂ ਦਾ ਜੱਦੀ ਪਿੰਡ ਬੋਦਲਾਂ, ਜ਼ਿਲ੍ਹਾ ਹੁਸ਼ਿਆਰਪੁਰ ਹੈ। ਉਨ੍ਹਾਂ ਨੇ ਖਾਲਸਾ ਹਾਈ ਸਕੂਲ ਮੁਕਤਸਰ ਤੋਂ 1924 ਵਿੱਚ ਮੈਟ੍ਰਿਕ ਅਤੇ 1930 ਵਿੱਚ ਸਰਕਾਰੀ ਕਾਲਜ ਲਾਹੌਰ ਤੋਂ ਐਮਐਸਸੀ (ਆਨਰਜ਼) ਬੌਟਨੀ ਕੀਤੀ। 1955 ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਉਨ੍ਹਾਂ ਨੂੰ ਡਾਕਟਰੇਟ ਦੀ ਡਿਗਰੀ ਨਾਲ ਨਿਵਾਜ਼ਿਆ। ਡਾ. ਰੰਧਾਵਾ ਦੀ ਚੋਣ 1934 ਵਿੱਚ ਭਾਰਤੀ ਸਿਵਲ ਸੇਵਾ ਲਈ ਹੋਈ ਅਤੇ ਉਨ੍ਹਾਂ ਨੂੰ ਯੂ ਪੀ ਕਾਡਰ ਦਿੱਤਾ ਗਿਆ ਸੀ।

ਮਹਿੰਦਰ ਸਿੰਘ ਰੰਧਾਵਾ ਪੰਜਾਬੀਅਤ ਦਾ ਸੱਚਾ ਸਪੂਤ ਸੀ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਦਰਦ ਨਾਲ ਭਰਿਆ ਮਨੁੱਖ। ਉਨ੍ਹਾਂ ਨੇ ਪੰਜਾਬ ਰਾਜ ਦੀ ਆਰਥਿਕਤਾ ਨੂੰ ਸੁਧਾਰਨ, ਚੰਡੀਗੜ੍ਹ ਦੀ ਯੋਜਨਾਬੰਦੀ ਅਤੇ ਵਿਕਾਸ, ਹਰੀ ਕ੍ਰਾਂਤੀ ਅਤੇ ਦੇਸ਼ ਵੰਡ ਸਮੇਂ ਉਜਾੜੇ ਗਏ ਲੋਕਾਂ ਦੇ ਮੁੜ ਵਸੇਬੇ ਲਈ ਅਹਿਮ ਭੂਮਿਕਾ ਨਿਭਾਈ।

ਉਹ ਪੰਜਾਬ ਦੇ ਸਿਵਲ ਸੇਵਕ ਅਤੇ ਪ੍ਰਸ਼ਾਸਨਿਕ ਅਧਿਕਾਰੀ ਤੋਂ ਪਹਿਲਾਂ ਇਕ ਬਨਸਪਤੀ ਵਿਗਿਆਨੀ, ਇਤਿਹਾਸਕਾਰ, ਕਲਾ ਅਤੇ ਸੱਭਿਆਚਾਰ ਦੇ ਹਰਕਾਰੇ ਅਤੇ ਇੱਕ ਉੱਘੇ ਲੇਖਕ ਸਨ।

ਡਾ. ਰੰਧਾਵਾ ਦਾ ਜਨਮ 2 ਫਰਵਰੀ 1909 ਨੂੰ ਜ਼ੀਰਾ, ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਜੱਟ ਸਿੱਖ ਪਰਿਵਾਰ ਵਿੱਚ ਹੋਇਆ ਸੀ, ਪਰ ਉਨ੍ਹਾਂ ਦਾ ਜੱਦੀ



ਪਿੰਡ ਬੋਦਲਾਂ, ਜ਼ਿਲ੍ਹਾ ਹੁਸ਼ਿਆਰਪੁਰ ਹੈ। ਉਨ੍ਹਾਂ ਨੇ ਖਾਲਸਾ ਹਾਈ ਸਕੂਲ ਮੁਕਤਸਰ ਤੋਂ 1924 ਵਿੱਚ ਮੈਟ੍ਰਿਕ ਅਤੇ 1930 ਵਿੱਚ ਸਰਕਾਰੀ ਕਾਲਜ ਲਾਹੌਰ ਤੋਂ ਐਮਐਸਸੀ (ਆਨਰਜ਼) ਬੌਟਨੀ ਕੀਤੀ। 1955 ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਉਨ੍ਹਾਂ ਨੂੰ ਡਾਕਟਰੇਟ ਦੀ ਡਿਗਰੀ ਨਾਲ ਨਿਵਾਜ਼ਿਆ। ਡਾ. ਰੰਧਾਵਾ ਦੀ ਚੋਣ 1934 ਵਿੱਚ ਭਾਰਤੀ ਸਿਵਲ ਸੇਵਾ ਲਈ ਹੋਈ ਅਤੇ ਉਨ੍ਹਾਂ ਨੂੰ ਯੂ ਪੀ ਕਾਡਰ ਦਿੱਤਾ ਗਿਆ ਸੀ।

ਦੇਸ਼ ਵੰਡ ਵੇਲੇ ਮਹਿੰਦਰ ਸਿੰਘ ਰੰਧਾਵਾ ਦਿੱਲੀ ਦਾ ਡਿਪਟੀ ਸੀ। ਉਸਦੀ ਪ੍ਰਸ਼ਾਸਨਿਕ ਚੌਕਸੀ ਨੇ ਦਿੱਲੀ ਨੂੰ ਦੰਗਿਆਂ ਤੋਂ ਬਚਾਈ ਰੱਖਿਆ। ਡਿਪਟੀ ਕਮਿਸ਼ਨਰ ਹੋਣ ਦੇ ਨਾਤੇ ਉਨ੍ਹਾਂ 15 ਅਗਸਤ 1947 ਦੇ ਇਤਿਹਾਸਕ ਸਮਾਰੋਹ ਲਈ ਸਾਰੇ ਪ੍ਰਬੰਧ ਕੀਤੇ ਸਨ, ਜਦੋਂ ਜਵਾਹਰ ਲਾਲ ਨਹਿਰੂ ਨੇ ਦਿੱਲੀ ਦੇ ਲਾਲ ਕਿਲੇ ਦੀ ਕੰਧ ਤੋਂ ਤਿਰੰਗਾ ਝੰਡਾ ਲਹਿਰਾਇਆ ਸੀ ਅਤੇ ਆਪਣਾ ਮਸ਼ਹੂਰ ਭਾਸ਼ਣ ਦਿੱਤਾ ਤਾਂ ਰੰਧਾਵਾ ਜੀ ਉਨ੍ਹਾਂ ਦੇ ਅੰਗ ਸੰਗ ਰਹੇ। ਉਸ ਭਾਸ਼ਣ ਦੀ ਫੋਟੋ ਵਿਚ ਡਾ. ਰੰਧਾਵਾ ਨੂੰ ਪੰਡਿਤ ਨਹਿਰੂ ਨਾਲ ਵੇਖਿਆ ਜਾ ਸਕਦਾ ਹੈ।

1953 ਵਿੱਚ, ਉਨ੍ਹਾਂ ਨੂੰ ਵਿਕਾਸ ਕਮਿਸ਼ਨਰ, ਅਤੇ ਕਮਿਸ਼ਨਰ ਮੁੜ ਵਸੇਬਾ ਅਤੇ ਇਵੈਕੁਈ ਪ੍ਰਾਪਰਟੀ ਪੰਜਾਬ ਨਿਯੁਕਤ ਕੀਤਾ ਗਿਆ ਸੀ। ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਹਦਾਇਤ ਅਨੁਸਾਰ ਡਾ. ਰੰਧਾਵਾ ਨੇ 1947 ਦੀ ਵੰਡ ਸਮੇਂ ਪਾਕਿਸਤਾਨ ਵਿੱਚ ਆਪਣੀ ਜ਼ਮੀਨ ਛੱਡਣ ਵਾਲਿਆਂ ਦੇ ਮੁੜਵਸੇਬੇ ਲਈ ਜ਼ਮੀਨ ਅਤੇ ਮਕਾਨ ਅਲਾਟ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। 1955 ਵਿੱਚ ਉਹ ਭਾਰਤੀ ਖੇਤੀ ਖੋਜ ਪ੍ਰੀਸ਼ਦ ਦੇ ਉਪ ਪ੍ਰਧਾਨ ਬਣੇ। ਉਨ੍ਹਾਂ ਨੇ ਕੁਦਰਤੀ ਸਰੋਤ ਯੋਜਨਾ ਕਮਿਸ਼ਨ ਦੇ ਸਲਾਹਕਾਰ ਵਜੋਂ ਵੀ ਕੰਮ ਕੀਤਾ।

ਡਾ. ਰੰਧਾਵਾ ਨੂੰ 1966 ਵਿੱਚ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦਾ ਚੀਫ਼ ਕਮਿਸ਼ਨਰ ਨਿਯੁਕਤ ਕੀਤਾ ਗਿਆ ਸੀ। ਉਹ ਚੰਡੀਗੜ੍ਹ ਸ਼ਹਿਰ ਸੀ ਯੋਜਨਾਬੰਦੀ ਬਾਰੇ ਕਮੇਟੀ ਦੇ ਚੇਅਰਮੈਨ ਸਨ। ਚੰਡੀਗੜ੍ਹ ਦੀ ਲੈਂਡਸਕੇਪਿੰਗ ਦੀ ਯੋਜਨਾ ਬਣਾਉਣ ਸਮੇਂ ਡਾ. ਰੰਧਾਵਾ ਅੰਦਰਲਾ ਬਨਸਪਤੀ ਮਾਹਿਰ ਉਜਾਗਰ ਹੋਇਆ। ਉਹ ਲਾਹੌਰ ਬਾਰੇ ਪੰਜਾਬੀਆਂ ਦੇ ਹੇਰਵੇ ਤੋਂ ਜਾਣੂੰ ਸਨ ਤੇ ਨਵੇਂ ਵਸਦੇ ਸ਼ਹਿਰ ਨੂੰ ਸੱਭਿਆਚਾਰ ਦੀ ਰਾਜਧਾਨੀ ਬਣਾਉਣਾ ਚਾਹੁੰਦੇ ਸਨ। ਇਸ ਲਈ ਚੰਡੀਗੜ੍ਹ ਮਿਊਜ਼ੀਅਮ, ਪੰਜਾਬੀ ਆਰਟਸ ਕੌਂਸਲ ਅਤੇ ਕਲਚਰਲ ਹੈਰੀਟੇਜ ਮਿਊਜ਼ੀਅਮ ਦੀ ਸਥਾਪਨਾ ਰੰਧਾਵਾ ਦੀ ਨਿਗਰਾਨੀ ਹੇਠ ਹੋਈ।

ਚੰਡੀਗੜ੍ਹ ਵਿੱਚ ਰੋਜ਼ ਗਾਰਡਨ, ਸਰਕਾਰੀ ਅਜਾਇਬ ਘਰ ਅਤੇ ਆਰਟ ਗੈਲਰੀ ਚੰਡੀਗੜ੍ਹ ਅਤੇ ਐਂਗਲੋ ਸਿੱਖ ਵਾਰਜ਼ ਮੈਮੋਰੀਅਲ ਫ਼ਿਰੋਜ਼ਪੁਰ ਲੁਧਿਆਣਾ ਵੀ ਉਨ੍ਹਾਂ ਨੇ ਸਥਾਪਿਤ ਕਰਵਾਏ। ਏਥੋਂ ਤਕ ਕਿ ਧਰਮਸ਼ਾਲਾ ਵਿਖੇ ਕਾਂਗੜਾ ਪੇਂਡੂ ਜੀਵਨ ਅਜਾਇਬ ਘਰ ਸਥਾਪਿਤ ਕਰਕੇ ਉਨ੍ਹਾਂ ਪੰਜਾਬ ਦੇ ਪਹਾੜੀ ਖੇਤਰ ਦੇ ਸੱਭਿਆਚਾਰ ਨੂੰ ਸੰਭਾਲਣ ਲਈ ਯੋਗਦਾਨ ਪਾਇਆ। ਕਾਂਗੜਾ ਦੇ ਕਿਲ੍ਹੇ ਦੀ ਸੰਭਾਲ ਅਤੇ ਮੁਰੰਮਤ ਦਾ ਕਾਰਜ ਰੰਧਾਵਾ ਦੀ ਵਿਸ਼ੇਸ਼ ਦਿਲਚਸਪੀ ਨਾਲ ਨੇਪਰੇ ਚੜ੍ਹੇ।

ਡਾ. ਰੰਧਾਵਾ ਆਉਂਦੀਆਂ ਨਸਲਾਂ ਨੂੰ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਨਾਲ ਜਾਣੂੰ ਕਰਾਉਣ ਦੇ ਚਾਹਵਾਨ ਸਨ। ਇਸ ਲਈ ਉਨ੍ਹਾਂ ਪੌਣੀ ਦਰਜਨ ਦੇ ਕਰੀਬ ਅਜਾਇਬ ਘਰ ਉਦੋਂ ਦੇ ਪੰਜਾਬ ਵਿੱਚ ਸਥਾਪਿਤ ਕਰਵਾਏ। ਇਨ੍ਹਾਂ ਵਿਚੋਂ ਪੀ.ਏ.ਯੂ. ਵਿਚ ਸਥਿਤ ਪੰਜਾਬ ਦੇ ਪੇਂਡੂ ਸੱਭਿਆਚਾਰ ਦਾ ਅਜਾਇਬਘਰ ਸਭ ਤੋਂ ਅਹਿਮ ਸਮਾਰਕ ਹੈ।

ਉਹ ਇਹ ਵੀ ਚਾਹੁੰਦੇ ਸਨ ਕਿ ਵਿਰਸੇ ਦੀ ਜਾਣਕਾਰੀ ਦੇ ਨਾਲ-ਨਾਲ ਨਵੀਆਂ ਪੀੜ੍ਹੀਆਂ ਨਵੇਂ ਯੁੱਗ ਦੀਆਂ ਹਾਣੀ ਵੀ ਬਣਨ। ਇਸ ਕਾਰਜ ਲਈ ਉਨ੍ਹਾਂ ਲਾਇਬ੍ਰੇਰੀਆਂ ਵੀ ਬਣਵਾਈਆਂ। ਡਾ. ਰੰਧਾਵਾ ਨੂੰ ਪੰਜਾਬ ਵਿੱਚ ਪੁਸਤਕ ਸੱਭਿਆਚਾਰ ਦਾ ਪ੍ਰਸਾਰ ਕਰਨ ਲਈ ਖਾਸ ਤੌਰ 'ਤੇ ਯਾਦ ਕੀਤਾ ਜਾਂਦਾ ਹੈ। ਬਹੁਤ ਸਾਰੇ ਲੇਖਕਾਂ ਦੀ ਪੁਸ਼ਤਪਨਾਹੀ ਕਰਨ ਲਈ ਡਾ. ਰੰਧਾਵਾ ਨੇ ਮਿਸਾਲ ਕਾਇਮ ਕੀਤੀ। ਲੁਧਿਆਣਾ ਕਿਆਮ ਦੌਰਾਨ ਉਹ ਬੜਾ ਲੰਮਾ ਸਮਾਂ ਪੰਜਾਬੀ ਭਵਨ ਦੇ ਆਗੂ ਦੇ ਤੌਰ 'ਤੇ ਸਰਗਰਮ ਰਹੇ। ਡਾ. ਰੰਧਾਵਾ ਨੇ ਹਰੀ ਕ੍ਰਾਂਤੀ ਲਈ ਜ਼ਮੀਨ ਤਿਆਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਜ਼ਮੀਨ ਦੀ ਮੁਰੱਬੇਬੰਦੀ ਵੀ ਉਨ੍ਹਾਂ ਦੀ ਨਿਗਰਾਨੀ ਹੇਠ ਹੋਈ ਜਿਸ ਨਾਲ ਪਿੰਡਾਂ ਦੀ ਜ਼ਮੀਨ ਨੂੰ ਵਿਉਂਤ ਕੇ ਖੇਤੀ ਦੇ ਵਿਕਾਸ ਲਈ ਆਧਾਰ ਤਿਆਰ ਕੀਤਾ ਗਿਆ। ਉਨ੍ਹਾਂ ਸਰਕਾਰ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਭਾਖੜਾ ਡੈਮ, ਸੜਕਾਂ ਦਾ ਜਾਲ ਅਤੇ ਪਿੰਡਾਂ ਵਿੱਚ ਬਿਜਲੀਕਰਨ ਕਰਨ ਦਾ ਸੁਝਾਅ ਦਿੱਤਾ। 1968 ਵਿੱਚ ਉਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨਿਯੁਕਤ ਹੋਏ।

ਉਨ੍ਹਾਂ ਨਵੀਨਤਮ ਤਕਨਾਲੋਜੀ ਪ੍ਰਾਪਤ ਕਰਨ ਲਈ ਬਹੁਤ ਸਾਰੇ ਵਿਗਿਆਨੀਆਂ ਨੂੰ ਉੱਚ ਸਿੱਖਿਆ ਲਈ ਅਮਰੀਕਾ ਭੇਜਿਆ ਅਤੇ ਆਪਣੇ ਕਾਰਜਕਾਲ ਦੌਰਾਨ ਵਿਗਿਆਨੀਆਂ ਨੂੰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਸ ਦੌਰ ਵਿਚ ਪ੍ਰਯੋਗਸ਼ਾਲਾਵਾਂ ਵਿੱਚ ਸ਼ਾਮ ਨੂੰ ਅਤੇ ਦੇਰ ਰਾਤ ਤੱਕ ਕੰਮ ਕਰਨਾ ਆਮ ਗੱਲ ਸੀ। ਰੰਧਾਵਾ ਅਜਿਹੀ ਪ੍ਰਭਾਵਸ਼ਾਲੀ ਸ਼ਖਸੀਅਤ ਸਨ ਕਿ ਹਰ ਕੋਈ ਉਨ੍ਹਾਂ ਦਾ ਕਹਿਣਾ ਮੰਨਦਾ ਸੀ ਅਤੇ ਆਪਣੀ ਪੂਰੀ ਸਮਰੱਥਾ ਨਾਲ ਕੰਮ ਕਰਦਾ ਸੀ। ਪੀ.ਏ.ਯੂ ਨੂੰ ਸਾਹਿਤਕ ਅਤੇ ਸੱਭਿਆਚਾਰਕ ਮੰਚ ਬਣਾਉਣ ਲਈ ਉਨ੍ਹਾਂ ਬਹੁਤ ਸਾਰੀਆਂ ਸਾਹਿਤਕ ਹਸਤੀਆਂ ਨੂੰ ਏਥੇ ਲਿਆਂਦਾ। ਇਨ੍ਹਾਂ ਵਿਚ ਪ੍ਰੋ. ਮੋਹਨ ਸਿੰਘ, ਡਾ. ਸੁਰਜੀਤ ਪਾਤਰ, ਅਜਾਇਬ ਚਿਤ੍ਰਕਾਰ, ਕ੍ਰਿਸ਼ਨ ਅਦੀਬ, ਡਾ. ਸਾਧੂ ਸਿੰਘ ਆਦਿ ਪੰਜਾਬੀ ਸਾਹਿਤ ਦੇ ਇਤਿਹਾਸਕ ਮਹੱਤਤਾ ਵਾਲੇ ਨਾਂ ਹਨ।

ਉਨ੍ਹਾਂ ਦੇ ਸਰਦਾਰ ਵੱਲਭ ਭਾਈ ਪਟੇਲ, ਸ. ਪ੍ਰਤਾਪ ਸਿੰਘ ਕੈਰੋਂ ਅਤੇ ਪੰਡਿਤ ਨਹਿਰੂ ਨਾਲ ਕੰਮ ਸਦਕਾ ਨਿੱਘੇ ਸਬੰਧ ਸਨ। ਡਾ. ਰੰਧਾਵਾ ਨੇ ਪੰਜਾਬ ਸਰਕਾਰ ਨੂੰ ਸਾਰੇ ਪਿੰਡਾਂ ਅਤੇ ਕਸਬਿਆਂ ਨੂੰ ਸੜਕਾਂ ਨਾਲ ਜੋੜਨ ਦਾ ਸੁਝਾਅ ਦਿੱਤਾ। ਇਸ ਤਰ੍ਹਾਂ ਨਹਿਰਾਂ, ਬਿਜਲੀ, ਟਿਊਬਵੈੱਲ, ਸੜਕਾਂ ਅਤੇ ਖੇਤੀ ਵਿਗਿਆਨੀ ਡਾ. ਡੀ.ਐਸ. ਅਠਵਾਲ ਅਤੇ ਉਨ੍ਹਾਂ ਦੀ ਟੀਮ ਨੇ ਡਾ. ਹਰੀ ਕ੍ਰਾਂਤੀ ਵਿਚ ਅਹਿਮ ਭੂਮਿਕਾ ਨਿਭਾਈ।

ਕਲਿਆਣ ਅਤੇ ਪੀ ਬੀ 18 ਵਰਗੀਆਂ ਕਣਕ ਦੀਆਂ ਕਿਸਮਾਂ ਦਾ ਵਿਕਾਸ ਹਰੀ ਕ੍ਰਾਂਤੀ ਦੀ ਸ਼ੁਰੂਆਤ ਸੀ। ਉਨ੍ਹਾਂ ਨੇ ਕਈ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿਚ ਹਿਮਾਲਿਆ ਦਾ ਜਨਮ, ਰਾਖ ਚੋਂ ਉੱਗੇ, ਫੁੱਲਦਾਰ ਰੁੱਖ, ਸੁੰਦਰ ਰੁੱਖ ਅਤੇ ਬਾਗ, ਭਾਰਤ ਵਿੱਚ ਖੇਤੀਬਾੜੀ ਅਤੇ ਪਸ਼ੂ ਪਾਲਣ, ਕਾਂਗੜਾ ਵੈਲੀ ਪੇਂਟਿੰਗਜ਼, ਪੰਜਾਬ ਵਿੱਚ ਹਰੀ ਕ੍ਰਾਂਤੀ, ਭਾਰਤੀ ਮੂਰਤੀ: ਦ੍ਰਿਸ਼, ਥੀਮ ਅਤੇ ਦੰਤਕਥਾ, ਭਾਰਤੀ ਚਿੱਤਰਕਾਰੀ, ਪੰਜਾਬ, ਭਾਰਤੀ ਮੂਰਤੀ ਕਲਾ, ਥੀਮ ਐਂਡ ਲੈਜੇਂਡਸ, ਏ ਹਿਸਟਰੀ ਆਫ਼ ਐਗਰੀਕਲਚਰ ਇਨ ਇੰਡੀਆ ਚਾਰ ਜਿਲਦਾਂ ਵਿਚ ਪ੍ਰਮੁੱਖ ਹਨ।

ਡਾ. ਰੰਧਾਵਾ ਆਪਣੇ ਪੰਜਾਬੀਅਤ ਦੇ ਪ੍ਰੇਮ ਲਈ ਰਹਿੰਦੀ ਦੁਨੀਆਂ ਤਕ ਜਾਣੇ ਜਾਣਗੇ।

ਸਰੋਤ: ਜਗਵਿੰਦਰ ਜੋਧਾ ਅਤੇ ਤੇਜਿੰਦਰ ਸਿੰਘ ਰਿਆੜ

ਸੰਚਾਰ ਕੇਂਦਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ


REAL PLUMBING

EMERGENCY SERVICE
7 DAYS A WEEK



FAST SERVICE

HOT WATER TANKS
SOLD - SERVICED
AND REMOVED

ਕਿਸੇ ਵੀ ਤਰ੍ਹਾਂ ਦੀ ਪਲੰਬਿੰਗ ਦੀ ਪ੍ਰੋਬਲਮ
ਹੈ ਤਾਂ ਫੋਨ ਕਰੋ

ਸਤਵਿੰਦਰ ਰੀਹਲ

Satwinder Reehal

604-327-5096

RIGHTWAY
PAINTING

ਵਧੀਆ ਕੰਮ-ਵਾਜਿਬ ਕੀਮਤ

Commercial & Residential
GENERAL PAINT
THE PAINT EXPERTS
QUALITY WORKMANSHIP

- Stucco Painting
- Driveway Sealing
- Power Washing
- Repaint Job

ਹਰ ਤਰ੍ਹਾਂ ਦੀ ਪੇਂਟ ਜੋਬ ਲਈ
ਜਸਬੀਰ ਭੰਡਾਲ ਨੂੰ ਫੋਨ ਕਰੋ।

JASVIR BHANDAL

604-834-4335 <> 604-581-5759

# ਤਲਵਿੰਦਰ ਨੂੰ ਡੇਟ ਕਰ ਰਹੀ ਅਦਾਕਾਰਾ ਦਿਸ਼ਾ ਪਟਾਨੀ



ਬਾਲੀਵੁੱਡ ਅਦਾਕਾਰਾ ਦਿਸ਼ਾ ਪਟਾਨੀ ਅਤੇ ਪੰਜਾਬੀ ਗਾਇਕ-ਸੰਗੀਤਕਾਰ ਤਲਵਿੰਦਰ ਸਿੰਘ ਸਿੱਧੂ ਦੇ ਰਿਸ਼ਤੇ ਦੀਆਂ ਖਬਰਾਂ ਟਰੈਂਡ ਕਰ ਰਹੀਆਂ ਹਨ। ਪਰ ਹੁਣ ਲੱਗਦਾ ਹੈ ਕਿ ਇਹ ਸਾਰੀਆਂ ਅਫਵਾਹਾਂ ਸੱਚ ਹਨ। ਕਿਉਂਕਿ ਦੋਵਾਂ ਉਨ੍ਹਾਂ ਨੂੰ ਹਾਲ ਹੀ ਵਿੱਚ ਮੁੰਬਈ ਵਿੱਚ ਅੰਤਰਰਾਸ਼ਟਰੀ ਸੰਗੀਤ ਉਤਸਵ ਲੋਲਾਪਾਲੂਜ਼ਾ ਵਿੱਚ ਇਕੱਠੇ ਦੇਖਿਆ ਗਿਆ। ਉਨ੍ਹਾਂ ਦੇ ਰਿਸ਼ਤੇ ਬਾਰੇ ਅਟਕਲਾਂ ਲੰਬੇ ਸਮੇਂ ਤੋਂ ਚੱਲ ਰਹੀਆਂ ਸਨ, ਪਰ ਇਸ ਵਾਰ ਕੋਈ ਲੁਕਣ-ਮੀਟੀ ਜਾਂ ਦੂਰੀ ਨਹੀਂ ਸੀ। ਹੱਥ ਵਿੱਚ ਹੱਥ ਪਾ ਕੇ, ਬੇਫਿਕਰ ਢੰਗ ਨਾਲ ਪ੍ਰੋਗਰਾਮ ਵਿੱਚ ਦਾਖਲ ਹੋ ਕੇ, ਦੋਵਾਂ ਨੇ ਪ੍ਰਸ਼ੰਸਕਾਂ ਨੂੰ ਹੈਰਾਨ ਕਰ ਦਿੱਤਾ ਕਿ ਕੀ ਇਹ ਉਨ੍ਹਾਂ ਦੇ ਰਿਸ਼ਤੇ ਦੀ ਅਧਿਕਾਰਤ ਪੁਸ਼ਟੀ ਹੈ।

**ਦੋਵੇਂ ਇੱਕ ਦੂਜੇ ਦਾ ਹੱਥ ਫੜੇ ਆਏ ਨਜ਼ਰ:**

ਸੋਸ਼ਲ ਮੀਡੀਆ 'ਤੇ ਘੁੰਮ ਰਹੇ ਕਈ ਵੀਡੀਓ ਅਤੇ ਫੋਟੋਆਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਦਿਸ਼ਾ ਅਤੇ ਤਲਵਿੰਦਰ ਸ਼ੁਰੂ ਵਿੱਚ ਵੱਖਰੇ ਤੌਰ 'ਤੇ ਪ੍ਰੋਗਰਾਮ ਸਥਾਨ 'ਤੇ ਪਹੁੰਚੇ ਸਨ। ਹਾਲਾਂਕਿ, ਉਨ੍ਹਾਂ ਨੂੰ ਥੋੜ੍ਹੀ ਦੇਰ ਬਾਅਦ ਇਕੱਠੇ ਦੇਖਿਆ ਗਿਆ, ਹੱਥ ਫੜ ਕੇ ਪ੍ਰੋਗਰਾਮ ਵਿੱਚ ਦਾਖਲ ਹੋਏ। ਨਾ ਤਾਂ ਕੈਮਰਿਆਂ ਤੋਂ ਬਚਣ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ ਪਾਪਰਾਜ਼ੀ ਤੋਂ ਦੂਰੀ ਬਣਾਈ ਰੱਖੀ, ਉਹ ਪੂਰੀ ਤਰ੍ਹਾਂ ਆਰਾਮਦਾਇਕ ਅਤੇ ਇੱਕ ਦੂਜੇ ਦੀ ਸੰਗਤ ਦਾ ਆਨੰਦ ਮਾਣਦੇ ਦਿਖਾਈ ਦਿੱਤੇ। ਇੰਨਾ ਹੀ ਨਹੀਂ, ਪ੍ਰੋਗਰਾਮ ਖਤਮ ਹੋਣ ਤੋਂ ਬਾਅਦ ਵੀ, ਦੋਵੇਂ ਇੱਕੋ ਕਾਰ ਵਿੱਚ ਗਏ, ਜਿਸ ਨੇ ਦੋਵਾਂ ਦੇ ਰਿਸ਼ਤੇ ਦੀਆਂ ਅਟਕਲਾਂ ਨੂੰ ਹੋਰ ਤੇਜ਼ ਕਰ ਦਿੱਤਾ।

**ਪ੍ਰਸ਼ੰਸਕ ਅਤੇ ਸੋਸ਼ਲ ਮੀਡੀਆ ਤੇ ਪ੍ਰਤੀਕਿਰਿਆਵਾਂ:**

ਪ੍ਰਸ਼ੰਸਕ ਅਤੇ ਸੋਸ਼ਲ ਮੀਡੀਆ ਯੂਜ਼ਰਸ ਇਸ ਨਜ਼ਾਰੇ 'ਤੇ ਉਤਸ਼ਾਹ ਨਾਲ ਪ੍ਰਤੀਕਿਰਿਆ ਦੇ ਰਹੇ ਹਨ। ਕੁਝ ਨੇ ਇਸ ਪਲ ਨੂੰ "ਰਿਸ਼ਤੇ ਦੀ ਪੁਸ਼ਟੀ" ਕਿਹਾ, ਜਦੋਂ ਕਿ ਕੁਝ ਨੇ ਮਜ਼ਾਕ ਵਿੱਚ ਚਿੰਤਾ ਪ੍ਰਗਟ ਕੀਤੀ। ਇੱਕ ਯੂਜ਼ਰ ਨੇ ਲਿਖਿਆ, "ਹੁਣ ਉਹ ਹੱਥ ਵਿੱਚ ਹੱਥ ਮਿਲਾ ਕੇ ਤੁਰਨ ਲੱਗ ਪਏ ਹਨ, ਉਹ ਪਹਿਲਾਂ ਲੁਕਦੇ ਸਨ।"

ਇੱਕ ਹੋਰ ਯੂਜ਼ਰ ਨੇ ਕਮੈਂਟ ਕੀਤਾ, "ਲੋਕ ਉਨ੍ਹਾਂ 'ਤੇ ਬੁਰੀ ਨਜ਼ਰ ਲਗਾਉਣਗੇ, ਬਿਲਕੁਲ ਦੂਜੇ ਮਸ਼ਹੂਰ ਜੋੜਿਆਂ ਵਾਂਗ।" ਕੁਝ ਤਲਵਿੰਦਰ ਦੇ ਰਹੱਸਮਈ ਵਿਵਹਾਰ 'ਤੇ ਵੀ ਸਵਾਲ ਉਠਾ ਰਹੇ ਹਨ, ਪੁੱਛ ਰਹੇ ਹਨ, "ਜਦੋਂ ਹਰ ਕੋਈ ਉਸਦਾ ਚਿਹਰਾ ਜਾਣਦਾ ਹੈ, ਤਾਂ ਉਹ ਅਜੇ ਵੀ ਪੇਂਟ ਕਿਉਂ ਪਹਿਨਦਾ ਹੈ?"

# ਬਾਲੀਵੁੱਡ

## "ਬਾਰਡਰ 2" ਤੋਂ ਬਾਅਦ ਦਿਲਜੀਤ ਦੋਸਾਂਝ ਨੂੰ ਮਿਲੀ ਇੱਕ ਹੋਰ ਬਾਲੀਵੁੱਡ ਫਿਲਮ



ਪਿਛਲੇ ਹਫ਼ਤੇ, ਦਿਲਜੀਤ ਦੋਸਾਂਝ ਨੂੰ ਬਾਰਡਰ 2 ਵਿੱਚ ਆਪਣੀ ਭੂਮਿਕਾ ਲਈ ਕਾਫ਼ੀ ਪ੍ਰਸ਼ੰਸਾ ਮਿਲੀ। ਸੰਨੀ ਦਿਓਲ-ਵਰੁਣ ਧਵਨ , ਆਹਾਨ ਸ਼ੈੱਟੀ ਦੀ ਇਹ ਫਿਲਮ ਬਾਕਸ ਆਫਿਸ 'ਤੇ ਹਿੱਟ ਰਹੀ ਸੀ, ਅਤੇ ਦਿਲਜੀਤ ਨੇ ਇਸ ਵਿੱਚ ਵੀ ਵਧੀਆ ਪ੍ਰਦਰਸ਼ਨ ਕੀਤਾ ਸੀ। ਹੁਣ, ਬਾਰਡਰ 2 ਤੋਂ ਬਾਅਦ, ਦਿਲਜੀਤ ਜਲਦੀ ਹੀ ਵੱਡੇ ਪਰਦੇ 'ਤੇ ਦਿਖਾਈ ਦੇਣਗੇ। ਵੀਰਵਾਰ ਨੂੰ, ਨਿਰਦੇਸ਼ਕ ਇਮਤਿਆਜ਼ ਅਲੀ ਨੇ ਆਪਣੀ ਆਉਣ ਵਾਲੀ ਫਿਲਮ ਦੀ ਰਿਲੀਜ਼ ਡੇਟ ਦਾ ਐਲਾਨ ਕੀਤਾ। ਵੇਦਾਂਗ ਰੈਨਾ, ਸ਼ਰਵਰੀ ਅਤੇ ਨਸੀਰੂਦੀਨ ਸ਼ਾਹ ਦਿਲਜੀਤ ਦੋਸਾਂਝ ਦੇ ਨਾਲ ਮੁੱਖ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ। ਹਾਲਾਂਕਿ ਫਿਲਮ ਦਾ ਸਿਰਲੇਖ ਅਜੇ ਤੱਕ ਫਾਈਨਲ ਨਹੀਂ ਕੀਤਾ ਗਿਆ ਹੈ, ਪਰ ਰਿਲੀਜ਼ ਡੇਟ ਫਾਈਨਲ ਹੋ ਗਈ ਹੈ। ਦਿਲਜੀਤ ਦੋਸਾਂਝ ਦੀ ਇਹ ਫਿਲਮ 12 ਜੂਨ, 2026 ਨੂੰ ਰਿਲੀਜ਼ ਹੋਵੇਗੀ।

ਨਿਰਦੇਸ਼ਕ ਇਮਤਿਆਜ਼ ਅਲੀ, ਜਿਨ੍ਹਾਂ ਨੇ ਬਾਲੀਵੁੱਡ ਨੂੰ ਜਬ ਵੀ ਮੇਟ, ਰੌਕਸਟਾਰ, ਤਮਾਸ਼ਾ ਅਤੇ ਚਮਕੀਲਾ ਵਰਗੀਆਂ ਮਸ਼ਹੂਰ ਫਿਲਮਾਂ ਦਿੱਤੀਆਂ ਹਨ, ਨੇ ਇੱਕ ਪੋਸਟ ਵਿੱਚ ਆਪਣੀ ਆਉਣ ਵਾਲੀ ਫਿਲਮ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਇਮਤਿਆਜ਼ ਅਲੀ ਨੇ ਇੰਸਟਾਗ੍ਰਾਮ 'ਤੇ ਇੱਕ ਪੋਸਟ ਸਾਂਝੀ ਕਰਦੇ ਹੋਏ ਲਿਖਿਆ, "ਇਮਤਿਆਜ਼ ਅਲੀ ਦੀ ਫਿਲਮ 12 ਜੂਨ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ।" ਇਸ ਫਿਲਮ ਵਿੱਚ ਦਿਲਜੀਤ ਦੋਸਾਂਝ ਵੇਦਾਂਗ ਰੈਨਾ ਅਤੇ ਸ਼ਰਵਰੀ ਦੇ ਨਾਲ ਮੁੱਖ ਭੂਮਿਕਾਵਾਂ ਵਿੱਚ ਹਨ। ਨਸੀਰੂਦੀਨ ਸ਼ਾਹ ਵੀ ਇੱਕ ਮੁੱਖ ਭੂਮਿਕਾ ਵਿੱਚ ਨਜ਼ਰ ਆਉਣਗੇ। ਫਿਲਮ ਦਾ ਸੰਗੀਤ ਏ.ਆਰ. ਰਹਿਮਾਨ ਦੁਆਰਾ ਤਿਆਰ ਕੀਤਾ ਗਿਆ ਹੈ, ਜਿਸਦੇ ਬੋਲ ਇਰਸ਼ਾਦ ਕਾਮਿਲ ਦੁਆਰਾ ਲਿਖੇ ਗਏ ਹਨ। ਇਹ ਫਿਲਮ ਐਪਲਾਜ਼ ਐਂਟਰਟੇਨਮੈਂਟ, ਵਿੰਡੋ ਸੀਟ ਫਿਲਮਜ਼ ਅਤੇ ਮੋਹਿਤ ਚੌਧਰੀ ਦੁਆਰਾ ਬਣਾਈ ਗਈ ਹੈ।

# ਹੰਸ ਰਾਜ ਹੰਸ ਨੇ ਸਿਆਸਤ ਨੂੰ ਕਿਹਾ ਅਲਵਿਦਾ



ਸੂਫ਼ੀ ਗਾਇਕ ਅਤੇ ਭਾਜਪਾ ਨੇਤਾ ਹੰਸ ਰਾਜ ਹੰਸ ਨੇ ਰਾਜਨੀਤੀ ਨੂੰ ਅਲਵਿਦਾ ਆਖ ਦਿੱਤਾ ਹੈ। ਲੀਜੈਂਡ ਗਾਇਕ ਨੇ ਚੰਡੀਗੜ੍ਹ ਵਿੱਚ ਖੁਦ ਇਸ ਬਾਰੇ ਐਲਾਨ ਕੀਤਾ। ਉਹਨਾਂ ਕਿਹਾ ਕਿ ਹੁਣ ਉਹ ਸਿਰਫ਼ ਸੰਗੀਤ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ। ਹਾਲ ਹੀ ਵਿੱਚ ਚੰਡੀਗੜ੍ਹ ਮੇਅਰ ਦੀਆਂ ਚੋਣਾਂ, ਜਿਸ ਵਿੱਚ ਭਾਜਪਾ ਉਮੀਦਵਾਰ ਸੌਰਭ ਜੋਸ਼ੀ ਨੇ ਜਿੱਤ ਪ੍ਰਾਪਤ ਕੀਤੀ, ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਹ ਇਸ ਗੱਲ ਤੋਂ ਅਣਜਾਣ ਹਨ ਕਿ ਰਾਜਨੀਤਿਕ ਦੁਨੀਆ ਵਿੱਚ ਕੀ ਹੋ ਰਿਹਾ ਹੈ, ਕਿੱਥੇ ਜਾਂ ਕਦੋਂ ਚੋਣਾਂ ਹੋ ਰਹੀਆਂ ਹਨ, ਜਾਂ ਕੌਣ ਜਿੱਤ ਰਿਹਾ ਹੈ। ਵੀਰਵਾਰ ਨੂੰ ਪ੍ਰੈਸ ਕਲੱਬ ਵਿਖੇ ਮੀਡੀਆ ਨਾਲ ਗੱਲ ਕਰਦੇ ਹੋਏ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪੂਰਾ ਧਿਆਨ ਹੁਣ ਸੰਗੀਤ ਅਤੇ ਉਨ੍ਹਾਂ ਦੇ ਅਭਿਆਸ 'ਤੇ ਹੈ।

ਉਨ੍ਹਾਂ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਵਸ 'ਤੇ ਸਾਰਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਗੁਰੂ ਰਵਿਦਾਸ ਮਹਾਰਾਜ ਜੀ ਗਰੀਬਾਂ ਦੇ ਮਸੀਹਾ ਸਨ ਅਤੇ ਜਾਤੀਵਾਦ ਨੂੰ ਮੁੱਢੋਂ ਨਕਾਰਦੇ ਸਨ। ਉਨ੍ਹਾਂ ਕਿਹਾ ਕਿ "ਬੇਗਮਪੁਰਾ" ਨੂੰ ਰਾਸ਼ਟਰੀ ਗੀਤ ਬਣਾਇਆ ਜਾ ਸਕਦਾ ਹੈ ਕਿਉਂਕਿ ਇਹ ਇੱਕ ਅਜਿਹੀ ਜਗ੍ਹਾ ਨੂੰ ਦਰਸਾਉਂਦਾ ਹੈ ਜਿੱਥੇ ਕੋਈ ਵਿਤਕਰਾ ਨਹੀਂ ਹੈ।

ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੇਰੀ ਤੋਂ ਠੀਕ ਪਹਿਲਾਂ ਇੱਕ ਖਾਲਿਸਤਾਨੀ ਸੰਗਠਨ ਦੁਆਰਾ ਜਾਰੀ ਧਮਕੀ ਬਾਰੇ ਬੋਲਦਿਆਂ, ਗਾਇਕ ਨੇ ਕਿਹਾ, "ਰੱਬ ਸਾਡੇ 'ਤੇ ਰਹਿਮ ਕਰੇ ਅਤੇ ਸਾਨੂੰ ਇਨ੍ਹਾਂ ਸਾਰੀਆਂ ਬੁਰਾਈਆਂ ਤੋਂ ਮੁਕਤ ਕਰੇ।" ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦਾ ਦੌਰਾ ਕਰਨ ਵਾਲਾ ਕੋਈ ਵੀ ਵਿਅਕਤੀ ਬਿਨਾਂ ਕਿਸੇ ਡਰ ਜਾਂ ਡਰਾਵੇ ਦੇ ਅਜਿਹਾ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਉਨ੍ਹਾਂ ਪ੍ਰਾਰਥਨਾ ਕੀਤੀ ਕਿ ਪੰਜਾਬ ਕਦੇ ਵੀ ਅਜਿਹੀਆਂ ਦੁਖਦਾਈ ਖ਼ਬਰਾਂ ਨਾ ਸੁਣੇ। ਚੰਡੀਗੜ੍ਹ ਦੇ ਪੰਜਾਬ ਅਤੇ ਹਰਿਆਣਾ ਸਕੱਤਰੇਤ ਵਿੱਚ ਹਾਲ ਹੀ ਵਿੱਚ ਮਿਲੇ ਬੰਬ ਧਮਾਕੇ ਦੇ ਖਤਰੇ ਬਾਰੇ ਬੋਲਦਿਆਂ, ਉਨ੍ਹਾਂ ਕਿਹਾ ਕਿ ਇਹ ਇੱਕ ਗੰਭੀਰ ਮਾਮਲਾ ਹੈ ਅਤੇ ਸਬੰਧਤ ਅਧਿਕਾਰੀਆਂ ਨੂੰ ਕਾਰਵਾਈ ਕਰਨੀ ਚਾਹੀਦੀ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਪ੍ਰਧਾਨ ਮੰਤਰੀ ਨੂੰ ਜਲੰਧਰ ਦੀ ਫੇਰੀ ਦੌਰਾਨ ਮਿਲਣਗੇ, ਤਾਂ ਉਨ੍ਹਾਂ ਕਿਹਾ, "ਮੈਂ ਪਹਿਲਾਂ ਵੀ ਕਈ ਵਾਰ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਿਆ ਹਾਂ, ਅਤੇ ਕੋਈ ਵੀ ਸਿਰਫ਼ ਤਾਂ ਹੀ ਰਾਜਾ ਨੂੰ ਮਿਲ ਸਕਦਾ ਹੈ ਜੇਕਰ ਰਾਜਾ ਚਾਹੁਣ।" ਉਨ੍ਹਾਂ ਦੁਹਰਾਇਆ ਕਿ ਉਹ ਇਸ ਵੇਲੇ ਸਿਰਫ਼ ਆਪਣੇ ਸੰਗੀਤ 'ਤੇ ਧਿਆਨ ਕੇਂਦਰਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

# Dr. Dhanju

## We'll take care of your Teeth



| General | Cosmetic | Surgical | High-Tech Exam |
|---|---|---|---|
| Exams/Cleaning | Teeth Whitening | Wisdom Teeth | Dignodent |
| Dental Sealants | Veneers | Implants | Digital X-Rays |
| Root Canals | Smile Design | | Intra-Oral Camera |
| Crowns/Caps | | | |
| Duentures | | | |
| Gum Disease | | | |

| SURREY | SURREY | RICHMOND | SURREY |
|---|---|---|---|
| 206 - 15230 56 Ave (HWY 10), 604-200-3993 | 7126 King George Blvd, 604.591.8999 | Suite 1946 6060 Minoru Blvd. Inside Richmond Centre (Close to Shoppers Drug Mart) 604.276.2442 | Suite 300 15850 24th Ave. 604.536.2700 |

Vol. 20, Issue: 06

Friday, FEBRUARY 06, 2026

# REALTY CLASSIFIEDS

W: www.realtyclassifieds.ca | E: design@swmediagroup.ca | Ph: 604-312-5678,

## Canada's commercial real estate scene is banking on a $56-billion injection this year

As Toronto stares down a flailing housing market, advocates from the commercial real estate side of things are feeling confident: a new report predicts that nationwide investment in the sector could reach $56 billion in 2026. The projection, from commercial real estate services company CBRE Canada, comes on the back of widespread return-to-office mandates.

If investment does reach $56 billion, it would mark the third-highest total in Canadian sales history and an eight per cent boost from the estimated $47 billion of 2025.

CBRE Canada president and CEO Jon Ramscar predicts a year of competition from both domestic and international investors. "We're coming off a year of uncertainty, but international capital has already voted in favour of Canadian commercial real estate," Ramscar said in a news release. "We have seen assets purchased across the country due to our industry's strong fundamentals and relative stability."

The report notes that Canada is a safe haven for investment, boasting G7-leading growth metrics.

After two years of high office vacancy rates, which began with the pandemic and largely stuck around after the realization that many office workers' jobs could be performed remotely, CBRE says the market has stabilized and is "transitioning to a period of sustained growth." It predicts that Toronto's vacancy rate will drop to 13.4 per cent from last year's 15.9 per cent and that new supply will rise to 1.64 million square feet. But the report also notes that there aren't any "meaningful" new office builds planned for Toronto beyond this year, which has made the market hyper-competitive.

As for industrial real estate, CBRE foresees a tougher slog in 2026 as Ottawa renegotiates CUSMA with an aggressive Trump administration that has frequently called for Canada's economic collapse.


Lifestyle
REAL ESTATE GROUP



2 bedroom 2 bath with Panoramic views!



Investor Alert! Solid 4 bdrm 2 bath family home on a quiet street!



Top floor corner unit, large 2 bdrm spacious & bright condo located close to everything.



Spacious & bright 1692 sq ft townhouse close to everything!



Renovated 3 bdrm 3 bath in 55+ complex in South Surrey!



Beautiful home with a one bedroom suite in South Surrey!



Tom Edwards
Personal Real Estate Corporation
604-341-6884
tom@northdeltahomes.com
www.northdeltahomes.com
www.lifestylerealestategroup.ca
@tomedwardsremax

Lifestyle REAL ESTATE GROUP



# HARMINDER S. PATTAR PREC

COLDWELL BANKER UNIVERSE REALTY

# 604-377-2854

**BUILDERS OR INVESTOR ALERT!**
**I have BIG Chinese Investors, they are looking for Investment in Multi-family Townhouses and Hotel sites. Call for more details.**



**2681 E 41 AVE, VANCOUVER**

Court order sale, duplex that requires some finishing. 3 level (non-strata) front and back duplex for sale with 4 bed room & 3 bath room with 1749 sqft on each side, big duplex, separate entrance in the basement. Purchaser must be able to have a new home warranty and be a licensed builder. Buyer must do their due diligence from the City of Vancouver regarding permits. Good size lot appx. 4,653.00 sq.ft with detached garage and lane access.

~~$2,750,000~~
**$2,350,000**

**COMMERCIAL PLAZA FOR SALE 2638-2640 CEDAR PARK PLACE, ABBOTSFORD**



THIS IS A FULLY LEASED WITH 10 SEPARATELY LEASED RETAIL. COMMERCIAL PROPERTY SITUATED IN THE HEART OF ABBOTSFORD.. IT IS LOCATED JUST TWO BLOCK FROM CITY HALL CORNER OF SOUTH FRASER WAY AD CEDAR PARK PLACE. ITS OVER 17000 SQ FT BUILDING SITUATED ON OVER 13000 SQ FT LOT AREA, ITS HIGH VISIBLE PROMINENT WITH LARGE FRONTAGE.

**$7,500,000**

**5942 LAUREL ST VANCOUVER**



WELL KEPT OLD HOUSE WITH 6800 sq FT LOT OVER 3000 SQ FT HIUSE ,5bed ROOM , 4 Bathrooms ON QUEITE ST ,, build DUPLX GOOD HOLDING PROPERTY ASKING 3.1 ML MORE INFORMATION PLS CALL

**$2,945,000**

**1035 23200 GILLEY ROAD**




This brand-new 989 sqft commercial space located in Hamilton Village West. This provides best opportunity for those who wants to start their career. This unit is newly built and is ready to move in. Enjoy easy access for your clientele with recessed curb parking in front of the store, 30 at grade parking stalls plus 50 in the building's parkade. Situated on the ground floor of the brand new 130-unit condominium development in a fast growing Richmond hub, don't miss this opportunity to be at the

**$799,999**

**#45 12036 66 AVE, SURREY $799,000**



Discover this beautiful , bright and spacious 3-bedroom, 2.5-bathroom townhome in a highly desirable central location.The home features a spacious west-facing sundeck, perfect for soaking in the afternoon sun or enjoying evening relaxation.The double tandem garage offers convenient parking andextra storage. With public transit just steps away on scott road, commuting is a breeze.Families will love the proximity to top-rated schools, ensuringexcellent education options. You'll also find a variety of shopping, dining, and entertainment options nearby, making this home a perfect blend of convenience and comfort.

**$799,000**


THE PUBLISHED INFORMATION IS FROM RELIABLE SOURCES BUT SHOULD NOT BE RELIED UPON WITHOUT VERIFICATION. REALTY CLASSIFIEDS ASSUME NO RESPONSIBILITY FOR ITS ACCURACY. PLEASE CONTACT YOUR LOCAL REALTOR FOR FURTHER VERIFICATION AND DETAILS. THANK YOU.

# ਮੁੱਖ ਮੰਤਰੀ ਦੇ ਸਿਆਸੀ ਤਨਜ਼ ਨਾਲ ਹਲਚਲ

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 'ਐਕਸ' 'ਤੇ ਕੀਤੇ ਸਿਆਸੀ ਤਨਜ਼ ਨੇ ਆਮ ਆਦਮੀ ਪਾਰਟੀ ਦੇ ਸਿਆਸੀ ਰੌਂਅ ਵੱਲ ਇਸ਼ਾਰਾ ਕੀਤਾ ਹੈ। ਮੁੱਖ ਮੰਤਰੀ ਨੇ ਡੇਰਾ ਬਿਆਸ ਮੁਖੀ ਦਾ ਨਾਮ ਲਿਖੇ ਬਗੈਰ ਤਨਜ਼ ਕੀਤਾ ਕਿ 'ਕੱਲ੍ਹ ਬਣ ਜਾਣ, ਭਾਵੇਂ ਅੱਜ ਬਣ ਜਾਣ/ਅਦਾਲਤਾਂ ਦਾ ਓਥੇ ਰੱਬ ਰਾਖਾ, ਜਿੱਥੇ ਮੁਲਾਕਾਤੀ ਹੀ ਜੱਜ ਬਣ ਜਾਣ।' ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਨੇ ਸੋਮਵਾਰ ਨੂੰ ਨਾਭਾ ਜੇਲ੍ਹ 'ਚ ਬੰਦ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਕਰਨ ਮਗਰੋਂ ਮਜੀਠੀਆ ਨੂੰ ਬੇਕਸੂਰ ਦੱਸਿਆ ਸੀ।



ਡੇਰਾ ਬਿਆਸ ਮੁਖੀ ਦੀ ਇਸ ਮੁਲਾਕਾਤ ਤੋਂ ਕੁਝ ਦੇਰ ਬਾਅਦ ਹੀ ਸੁਪਰੀਮ ਕੋਰਟ ਦਾ ਮਜੀਠੀਆ ਦੀ ਜ਼ਮਾਨਤ ਮਨਜ਼ੂਰ ਕੀਤੇ ਜਾਣ ਸਬੰਧੀ ਫ਼ੈਸਲਾ ਆ ਗਿਆ। ਮੁੱਖ ਮੰਤਰੀ ਨੇ ਅੱਜ ਮਜੀਠੀਆ ਦੀ ਜੇਲ੍ਹ 'ਚੋਂ ਰਿਹਾਈ ਤੋਂ ਪਹਿਲਾਂ ਹੀ ਇਹ ਤਨਜ਼ ਕੱਸ ਕੇ ਸੂਬੇ ਦੀ ਸਿਆਸਤ 'ਚ ਹਲਚਲ ਪੈਦਾ ਕਰ ਦਿੱਤੀ। ਉਨ੍ਹਾਂ ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਵੀ ਰਾਜਸੀ ਨਿਸ਼ਾਨੇ ਲਾਏ ਸਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ 'ਤੇ ਵੀ ਸਵਾਲ ਖੜ੍ਹੇ ਕੀਤੇ ਸਨ। ਸ਼੍ਰੋਮਣੀ ਕਮੇਟੀ ਖ਼ਿਲਾਫ਼ ਤਾਂ ਮੁੱਖ ਮੰਤਰੀ ਸਿਆਸੀ ਸਟੇਜਾਂ ਤੋਂ ਬੋਲਦੇ ਰਹੇ ਹਨ। ਸਿਆਸੀ ਹਲਕਿਆਂ ਮੁਤਾਬਕ ਮੁੱਖ ਮੰਤਰੀ ਮਾਨ ਦਾ ਡੇਰਾ ਬਿਆਸ ਮੁਖੀ 'ਤੇ ਅਸਿੱਧੇ ਤਰੀਕੇ ਨਾਲ ਤਨਜ਼ ਇਸ਼ਾਰਾ ਕਰਦਾ ਹੈ ਕਿ ਸ਼੍ਰੋਮਣੀ ਕਮੇਟੀ ਮਗਰੋਂ ਹੁਣ ਮੁੱਖ ਮੰਤਰੀ ਡੇਰਾ ਸਿਆਸਤ ਖ਼ਿਲਾਫ਼ ਮੋਰਚਾ ਖੋਲ੍ਹ ਸਕਦੇ ਹਨ। ਆਮ ਆਦਮੀ ਪਾਰਟੀ ਨੂੰ ਚੋਣਾਂ ਤੋਂ ਐਨ ਪਹਿਲਾਂ ਡੇਰਿਆਂ ਖ਼ਿਲਾਫ਼ ਅਜਿਹਾ ਪੈਂਤੜਾ ਸਿਆਸੀ ਤੌਰ 'ਤੇ ਕਿੰਨਾ ਪੁੱਗੇਗਾ, ਇਹ ਵੀ ਵੱਡਾ ਸਵਾਲ ਹੈ।

'ਆਪ' ਆਗੂਆਂ ਨੇ ਡੇਰਾ ਬਿਆਸ ਮੁਖੀ ਵੱਲੋਂ ਬਿਕਰਮ ਸਿੰਘ ਮਜੀਠੀਆ ਬਾਰੇ ਦਿੱਤੇ ਬਿਆਨ ਨੂੰ ਲੈ ਕੇ ਬੋਚ-ਬੋਚ ਕੇ ਟਿੱਪਣੀਆਂ ਕੀਤੀਆਂ ਹਨ।

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਆਮ ਆਦਮੀ ਪਾਰਟੀ ਭਾਜਪਾ ਦੀ ਡੇਰਾ ਨੀਤੀ ਖ਼ਿਲਾਫ਼ ਸਿੱਖ ਭਾਈਚਾਰੇ ਨੂੰ ਆਪਣੇ ਨਾਲ ਜੋੜਨ ਲਈ ਵਾਹ ਲਾਏਗੀ। ਲਾਪਤਾ ਸਰੂਪਾਂ ਦੇ ਮਾਮਲੇ 'ਤੇ ਕੇਸ ਦਰਜ ਕਰਨਾ ਅਤੇ ਉਸ ਮਗਰੋਂ ਵਿਸ਼ੇਸ਼ ਜਾਂਚ ਟੀਮ ਦੀ ਮੁਸਤੈਦੀ ਤੋਂ ਜਾਪਦਾ ਹੈ ਕਿ ਆਉਂਦੇ ਦਿਨਾਂ ਵਿੱਚ 'ਆਪ' ਸਰਕਾਰ ਬੇਅਦਬੀ ਮਾਮਲਿਆਂ 'ਤੇ ਇਨਸਾਫ਼ ਲਈ ਸਰਗਰਮੀ ਵਧਾ ਸਕਦੀ ਹੈ। ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਰਿਹਾਈ ਮਗਰੋਂ ਨਵੇਂ ਚਰਚੇ ਸ਼ੁਰੂ ਹੋ ਗਏ ਹਨ ਕਿ ਮਜੀਠੀਆ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਸੁਰਜੀਤ ਕਰਨ 'ਚ ਭੂਮਿਕਾ ਨਿਭਾ ਸਕਦੇ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦਰਮਿਆਨ ਅਹਿਮ ਕੜੀ ਬਣ ਸਕਦੇ ਹਨ। ਮਜੀਠੀਆ ਦੀ ਡੇਰਾ ਬਿਆਸ ਮੁਖੀ ਨਾਲ ਪਰਿਵਾਰਕ ਨੇੜਤਾ ਵੀ ਹੈ। ਮਜੀਠੀਆ ਨੇ ਜੇਲ੍ਹ 'ਚੋਂ ਰਿਹਾਈ ਮੌਕੇ ਉਚੇਚੇ ਤੌਰ 'ਤੇ ਭਾਜਪਾ ਆਗੂਆਂ ਦਾ ਜ਼ਿਕਰ ਵੀ ਕੀਤਾ ਸੀ।

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਡੇਰਾ ਬਿਆਸ ਮੁਖੀ ਦੇ ਅਸਿੱਧੇ ਹਵਾਲੇ ਨਾਲ ਕੱਸੇ ਤਨਜ਼ ਨੂੰ ਅਕਾਲੀ ਦਲ ਦੇ ਬੁਲਾਰੇ ਐਡਵੋਕੇਟ ਅਰਸ਼ਦੀਪ ਕਲੇਰ ਨੇ ਅਦਾਲਤ ਦੀ ਤੌਹੀਨ ਕਰਾਰ ਦਿੱਤਾ। ਇਥੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ ਬਿਕਰਮ ਸਿੰਘ ਮਜੀਠੀਆ, ਡਾ. ਦਲਜੀਤ ਚੀਮਾ, ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ ਤੇ ਜਸਮੇਰ ਸਿੰਘ ਲਾਛੜੂ, ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਲਖਵੀਰ ਲੌਟ, ਜਨਰਲ ਸਕੱਤਰ ਰਾਜੂ ਖੰਨਾ, ਜ਼ਿਲ੍ਹਾ ਪ੍ਰਧਾਨ ਜਗਮੀਤ ਹਰਿਆਊ ਸਣੇ ਹੋਰਨਾਂ ਨੇ ਇਸ ਮਾਮਲੇ ਨੂੰ ਲੈ ਕੇ ਮੁੱਖ ਮੰਤਰੀ ਨੂੰ ਕੋਸਿਆ। ਉਨ੍ਹਾਂ ਕਿਹਾ ਕਿ ਅਜਿਹਾ ਕਰ ਕੇ ਮੁੱਖ ਮੰਤਰੀ ਨੇ ਆਪਣੀ ਅਗਿਆਨਤਾ ਦਰਸਾ ਦਿੱਤੀ ਹੈ। ਮੁੱਖ ਮੰਤਰੀ ਨੇ ਧਾਰਮਿਕ ਸ਼ਖ਼ਸੀਅਤ ਦਾ ਨਿਰਾਦਰ ਕਰ ਕੇ ਲੋਕ ਮਨਾਂ 'ਚ ਆਪਣਾ ਆਧਾਰ ਹੋਰ ਵੀ ਘਟਾ ਲਿਆ ਹੈ। ਇਸ ਨਾਲ ਨਾ ਸਿਰਫ਼ ਮੁੱਖ ਮੰਤਰੀ ਬਲਕਿ 'ਆਪ' ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ ਹੈ।

# ਸਪੈਸ਼ਲ ਲੱਸਣ ਮੇਥੀ ਪਨੀਰ



**ਸਮੱਗਰੀ**: 4 ਚਮਚ ਤੇਲ, 3 ਚਮਚ ਲੱਸਣ, 130 ਗ੍ਰਾਮ ਪਿਆਜ਼, 75 ਮਿਲੀਲੀਟਰ ਦਹੀਂ, 1 ਚਮਚ ਮੈਦਾ, 2 ਚਮਚ ਧਨੀਆ, 1/2 ਚਮਚ ਹਲਦੀ, 1 ਚਮਚ ਮਿਰਚ, 1/2 ਚਮਚ ਗਰਮ ਮਸਾਲਾ, 1 ਚਮਚ ਨਮਕ, 30 ਮਿਲੀਲੀਟਰ ਪਾਣੀ, 250 ਗ੍ਰਾਮ ਪਨੀਰ, 2 ਚਮਚ ਤਾਜ਼ਾ ਕ੍ਰੀਮ, 2 ਚਮਚ ਮੇਥੀ ਦੇ ਸੁੱਕੇ ਪੱਤੇ, 1 ਚਮਚ ਸ਼ਹਿਦ, 100 ਮਿਲੀਲਟਰ ਪਾਣੀ, ਚਟਨੀ ਬਣਾਉਣ ਲਈ- 1 ਚਮਚ ਘਿਉ, 1 ਚਮਚ ਲੱਸਣ।

**ਵਿਧੀ**: ਸੱਭ ਤੋਂ ਪਹਿਲਾਂ ਇਕ ਪੈਨ ਵਿਚ ਤੇਲ ਪਾ ਕੇ ਲੱਸਣ ਦਾ ਪੇਸਟ ਪਾ ਕੇ ਹਲਕਾ ਭੁੰਨ ਲਉ ਅਤੇ ਇਸ ਵਿਚ ਪਿਆਜ਼ ਪਾ ਕੇ ਇਸ ਨੂੰ ਹਲਕਾ ਗੁਲਾਬੀ ਹੋਣ ਤਕ ਭੁੰਨ ਲਉ। ਫਿਰ ਇਕ ਕੌਲੀ ਵਿਚ ਦਹੀਂ ਅਤੇ ਮੈਦਾ ਪਾ ਕੇ ਚੰਗੀ ਤਰ੍ਹਾਂ ਨਾਲ ਰਲਾ ਲਉ। ਇਸ ਤੋਂ ਬਾਅਦ ਇਸ ਨੂੰ ਕੜਾਹੀ ਵਿਚ ਹੀ ਪਾ ਲਉ। ਇਸ ਵਿਚ ਧਨੀਆ ਪਾਊਡਰ, ਲਾਲ ਮਿਰਚ, ਹਲਦੀ, ਗਰਮ ਮਸਾਲਾ ਅਤੇ ਨਮਕ ਪਾ ਕੇ ਇਸ ਨੂੰ ਰਲਾ ਲਉ। ਇਸ ਤੋਂ ਬਾਅਦ ਇਸ ਵਿਚ ਪਾਣੀ ਪਾ ਕੇ ਚੰਗੀ ਤਰ੍ਹਾਂ ਨਾਲ ਪੱਕਣ ਦਿਉ। ਫਿਰ ਇਸ ਵਿਚ ਪਨੀਰ, ਕ੍ਰੀਮ, ਸੁੱਕੀ ਮੇਥੀ ਦੇ ਪੱਤੇ, ਨਿੰਬੂ ਦਾ ਰਸ, ਸ਼ਹਿਦ ਪਾ ਕੇ ਚੰਗੀ ਤਰ੍ਹਾਂ ਨਾਲ ਰਲਾ ਲਉ। ਇਸ ਵਿਚ ਫਿਰ 10 ਮਿਲੀਲੀਟਰ ਪਾਣੀ ਪਾ ਦਿਉ ਅਤੇ ਗਾੜ੍ਹਾ ਹੋਣ ਤਕ ਪਕਾਉ। ਜਦੋਂ ਪਾਣੀ ਗਾੜ੍ਹਾ ਹੋ ਜਾਵੇ ਤਾਂ ਇਸ ਨੂੰ ਪਲੇਟ ਵਿਚ ਕੱਢ ਲਉ। ਇਕ ਪੈਨ ਵਿਚ 1 ਚਮਚ ਘਿਉ ਪਾ ਕੇ ਇਸ ਵਿਚ ਲੱਸਣ ਨੂੰ ਹਲਕਾ ਭੁੰਨ ਲਉ। ਇਸ ਚਟਣੀ ਨੂੰ ਫਿਰ ਪਨੀਰ ਉਪਰ ਪਾ ਦਿਉ ਅਤੇ ਪਰੋਸੋ।

REAL PLUMBING

EMERGENCY SERVICE
7 DAYS A WEEK




HOT WATER TANKS
SOLD - SERVICED
AND REMOVED

ਕਿਸੇ ਵੀ ਤਰ੍ਹਾਂ ਦੀ ਪਲੰਬਿੰਗ ਦੀ ਪ੍ਰੌਬਲਮ
ਹੈ ਤਾਂ ਫੋਨ ਕਰੋ

ਸਤਵਿੰਦਰ ਰੀਹਲ

Satwinder Reehal

604-327-5096

RIGHTWAY
PAINTING

ਵਧੀਆ ਕੰਮ-ਵਾਜਿਬ ਕੀਮਤ

Commercial & Residential
GENERAL PAINT
THE PAINT EXPERTS
QUALITY WORKMANSHIP


- Stucco Painting
- Driveway Sealing
- Power Washing
- Repaint Job

ਹਰ ਤਰ੍ਹਾਂ ਦੀ ਪੇਂਟ ਜੋਬ ਲਈ
ਜਸਬੀਰ ਭੰਡਾਲ ਨੂੰ ਫੋਨ ਕਰੋ।

JASVIR BHANDAL

604-834-4335 <> 604-581-5759

# ਕੈਨੇਡਾ ਛੱਡ ਕੇ ਜਾ ਰਹੇ ਲੋਕਾਂ ਦਾ ਰਿਕਾਰਡ ਰੱਖਣਾ ਜ਼ਰੂਰੀ



**ਜਾਣਕਾਰੀ ਅਨੁਸਾਰ 2026 ਦੌਰਾਨ 19 ਲੱਖ ਦੇ ਕਰੀਬ ਵਿਦੇਸ਼ੀਆਂ ਦੇ ਵਿਜ਼ਟਰ, ਸਟੱਡੀ, ਤੇ ਵਰਕ ਪਰਮਿਟ ਖ਼ਤਮ ਹੋਣੇ ਹਨ ਜਦਕਿ 2025 'ਚ ਖ਼ਤਮ ਹੋਏ ਅਜਿਹੇ ਪਰਮਿਟਾਂ ਦੀ ਗਿਣਤੀ 21 ਲੱਖ ਤੋਂ ਵੱਧ ਦੱਸੀ ਜਾ ਰਹੀ ਹੈ**

**ਟੋਰਾਂਟੋ:** ਕੈਨੇਡਾ ਦੀ ਇਮੀਗ੍ਰੇਸ਼ਨ, ਸ਼ਰਨਾਰਥੀ ਤੇ ਨਾਗਰਿਕਤਾ ਮੰਤਰੀ ਲੀਨਾ ਡਿਆਬ ਨੇ ਕਿਹਾ ਹੈ ਕਿ ਦੇਸ਼ ਵਿਚੋਂ ਬਾਹਰ ਜਾ ਰਹੇ ਲੋਕਾਂ (ਵਿਸ਼ੇਸ਼ ਤੌਰ 'ਤੇ ਆਰਜ਼ੀ ਵੀਜ਼ਾ ਧਾਰਕਾਂ) ਬਾਰੇ ਸਰਕਾਰ ਨੂੰ ਪਤਾ ਹੋਣਾ ਜ਼ਰੂਰੀ ਹੈ ਜਿਸ ਕਰਕੇ ਉਨ੍ਹਾਂ ਨੇ ਆਪਣੇ ਮੰਤਰਾਲੇ ਦੇ ਅਧਿਕਾਰੀਆਂ ਨੂੰ ਇਸ ਦੇ ਪ੍ਰਬੰਧ ਕਰਨ ਦੀਆਂ ਹਿਦਾਇਤਾਂ ਦਿੱਤੀਆਂ ਹਨ। ਬੀਤੇ ਦਹਾਕਿਆਂ ਤੋਂ ਕੈਨੇਡਾ ਦੇ ਸਰਹੱਦੀ ਲਾਂਘਿਆਂ ਉੱਪਰ ਇਮੀਗ੍ਰੇਸ਼ਨ ਚੈਕਿੰਗ ਦੇ ਅਜਿਹੇ ਪ੍ਰਬੰਧ ਹਨ ਜਿਨ੍ਹਾਂ ਤਹਿਤ ਵਿਦੇਸ਼ਾਂ ਤੋਂ ਦੇਸ਼ 'ਚ ਦਾਖਿਲ ਹੋਣ ਵਾਲੇ ਲੋਕਾਂ ਦੀ ਪੜਤਾਲ ਕੀਤੀ ਜਾਂਦੀ ਹੈ ਪਰ ਦੇਸ਼ ਛੱਡ ਕੇ ਜਾਣ ਸਮੇਂ ਇਮੀਗ੍ਰੇਸ਼ਨ ਦੀ ਕੋਈ ਚੈਕਿੰਗ ਨਹੀਂ ਹੈ। 2019 ਤੋਂ ਹਵਾਈ ਜਹਾਜ਼ਾਂ ਦੀਆਂ ਕੰਪਨੀਆਂ ਨੂੰ ਉਨ੍ਹਾਂ ਦੇ ਜਹਾਜ਼ਾਂ 'ਚ ਕੈਨੇਡਾ ਤੋਂ ਬਾਹਰ ਜਾ ਰਹੇ ਮੁਸਾਫ਼ਰਾਂ ਦੀ ਲਿਸਟ ਉਡਾਣ ਤੋਂ 72 ਘੰਟੇ ਪਹਿਲਾਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਦੇਣੀ ਪੈਂਦੀ ਹੈ ਪਰ ਅਪਰਾਧੀਆਂ ਨੂੰ ਰੋਕਣ ਵਾਸਤੇ ਇਹ ਪ੍ਰਬੰਧ ਅਸਰਦਾਰ ਨਹੀਂ ਸਾਬਤ ਹੋ ਰਿਹਾ। ਮੰਤਰੀ ਡਿਆਬ ਨੇ ਕਿਹਾ ਕਿ ਦੇਸ਼ ਛੱਡ ਕੇ ਜਾਂਦੇ ਆਰਜ਼ੀ ਵੀਜ਼ਾ ਧਾਰਕਾਂ (ਵਿਜ਼ਟਰ, ਸਟੱਡੀ, ਵਰਕ ਪਰਮਿਟ ਆਦਿ) ਦੀ ਗਿਣਤੀ ਬਾਰੇ ਸਰਕਾਰ ਨੂੰ ਪਤਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਕੋਲ ਦੇਸ਼ ਵਿਚੋਂ ਬਾਹਰ ਜਾ ਰਹੇ ਲੋਕਾਂ ਦਾ ਰਿਕਾਰਡ ਨਹੀਂ ਹੁੰਦਾ ਪਰ ਹੁਣ ਸਮਾਂ ਆ ਗਿਆ ਹੈ ਕਿ ਅਜਿਹਾ ਪ੍ਰਬੰਧ ਕੀਤਾ ਜਾਵੇ।

ਮਿਲੀ ਜਾਣਕਾਰੀ ਅਨੁਸਾਰ 2026 ਦੌਰਾਨ 19 ਲੱਖ ਦੇ ਕਰੀਬ ਵਿਦੇਸ਼ੀਆਂ ਦੇ ਵਿਜ਼ਟਰ, ਸਟੱਡੀ, ਤੇ ਵਰਕ ਪਰਮਿਟ ਖ਼ਤਮ ਹੋਣੇ ਹਨ ਜਦਕਿ 2025 'ਚ ਖ਼ਤਮ ਹੋਏ ਅਜਿਹੇ ਪਰਮਿਟਾਂ ਦੀ ਗਿਣਤੀ 21 ਲੱਖ ਤੋਂ ਵੱਧ ਦੱਸੀ ਜਾ ਰਹੀ ਹੈ। ਇਮੀਗ੍ਰੇਸ਼ਨ ਅਧਿਕਾਰੀਆਂ ਵਲੋਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਰਾਹੀਂ ਡਿਜੀਟਲ ਤਰੀਕੇ ਲੋਕਾਂ ਦੀ ਆਵਾਜਾਈ ਦਾ ਰਿਕਾਰਡ (ਨਾਮ, ਜਨਮ ਤਰੀਕ, ਪਾਸਪੋਰਟ ਦੀ ਜਾਣਕਾਰੀ) ਰੱਖਣਾ ਸੰਭਵ ਹੈ ਪਰ ਅਜੇ ਤੱਕ ਵੀਜ਼ਾ ਖ਼ਤਮ ਹੋਣ ਤੋਂ ਬਾਅਦ ਆਪਣੇ ਆਪ ਜਾਣ ਵਾਲੇ ਵਿਦੇਸ਼ੀਆਂ ਦੀ ਜਾਣਕਾਰੀ ਰੱਖਣ ਦਾ ਪ੍ਰਬੰਧ ਇਮੀਗ੍ਰੇਸ਼ਨ ਅਧਿਕਾਰੀਆਂ ਕੋਲ ਨਹੀਂ ਹੈ। ਮੰਤਰੀ ਡਿਆਬ ਨੇ ਕਿਹਾ ਕਿ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਦਾ ਪੁਰਾਣਾ ਸਿਸਟਮ ਸਮਾਂ ਵਿਹਾਅ ਚੁੱਕਾ ਹੈ।

ਜਿਸ ਕਰਕੇ ਇਸ ਨੂੰ ਪੜਾਅਵਾਰ ਨਵਿਆਇਆ (ਡਿਜੀਟਲ ਕੀਤਾ) ਜਾ ਰਿਹਾ ਹੈ। ਇਹ ਵੀ ਪਤਾ ਲੱਗਾ ਹੈ ਕਿ ਭਵਿੱਖ ਵਿਚ ਕੈਨੇਡਾ ਦਾ ਵੀਜ਼ਾ ਪਾਸਪੋਰਟਾਂ ਵਿਚ ਸਟਿੱਕਰ ਲਗਾਉਣ ਦਾ ਸਿਲਸਿਲਾ ਬੰਦ ਕੀਤਾ ਜਾਵੇਗਾ। ਸਟਿੱਕਰ ਵੀਜ਼ਾ ਦੇ ਯੁੱਗ ਦਾ ਅੰਤ ਹੋ ਜਾਵੇਗਾ ਅਤੇ ਇਸ ਦੀ ਬਜਾਏ ਵੀਜ਼ਾ ਦਾ ਡਿਜੀਟਲ ਰੂਪ (ਫ਼ੋਨ/ਈਮੇਲ 'ਚ ਬਾਰਕੋਡ ਰਾਹੀਂ) ਧਾਰਕਾਂ ਨੂੰ ਦਿੱਤਾ ਜਾਇਆ ਕਰੇਗਾ ਜਿਸ ਦੇ ਅਧਾਰ 'ਤੇ ਸਫ਼ਰ ਕੀਤਾ ਜਾ ਸਕੇਗਾ ਤੇ ਐਂਟਰੀ ਮਿਲਿਆ ਕਰੇਗੀ।


A1 PROMOTIONS
EST. 2004

A1PROMOTIONS.CA

Custom T Shirts, Hoodies, School Uniforms
Event & Tournament Packages, Trophy Awards
Large Variety Of Promotional Products



A1 PROMOTIONS NEWTON
13375-72 AVE SURREY
604-763-1500
sales@a1promotions.ca

A1 PROMOTIONS HYLAND
6638-152A Street Surrey
604-597-8356
sales152@a1promotions.ca


SABZI MANDI SUPERMARKET
Serving our Community since 2003
Izu's Amritsari Paneer (Buffalo Blend) Now In Store!
HOT PRICE INDIAN KARELA ਦੇਸੀ ਕਰੇਲੇ 1.49 /lb
HOT PRICE FRESH FENUGREEK METHI ਮੇਥੀ Bunch 1.89 ea
HOT PRICE FRESH SAAG RAPINI ਸਾਗ Bunch 2.99 ea
HOT PRICE FRESH OPO ਲੌਕੀ 99¢ /lb
IZU'S AMRITSARI PANEER ਇਜ਼ੂਜ਼ ਅਮਰਿਤਸਰੀ ਪਨੀਰ 250g 5.99 ea
UNBEATABLE DEALS
BAAZ DURAM ATTA ਬਾਜ਼ ਦੁਰਮ ਆਟਾ 20lb 10.99 ea
FRESH GARLIC ਲਸਣ 1.29 /lb
NEW KRUNCH COOKIES ਨੀਊ ਕਰੰਚ ਕੁਕੀਆਂ Asst., 2.2lb 5.99 ea
FRESH ZUCCHINI ਤੋਰੀ 88¢ /lb
PUNJABI BY NATURE GUR/MASALA GUR ਪੰਜਾਬੀ ਬਾਈ ਨੇਚਰ ਗੁੜ ਅਤੇ ਮਸਾਲਾ ਗੁੜ 1kg 3.99 ea
SHAN PICKLES ਸ਼ਾਨ ਅੱਚਾਰ Asst., 1kg 3.99 ea
SABZI MANDI BASMATI RICE ਸੱਬਜ਼ੀ ਮੰਡੀ ਬਾਸਮਤੀ ਚਾਵਲ 10lb 11.99 ea
HULLY GULLY PUFFS ਹੱਲੀ ਗੱਲੀ ਪੱਫਜ਼ Asst., 120g 2 for 4.99
(WITH LEAVES) INDIAN DAIKON ਦੇਸੀ ਮੂਲੀ 1.49 /lb
CHING'S NOODLES ਚਿੰਗਜ਼ ਨੂਡਲਜ਼ Asst., 240g 1.49 ea
TATA AGNI TEA ਟਾਟਾ ਅੱਗਨੀ ਚਾਹ 1kg 9.99 ea
PUNJABI BY NATURE SESAME OIL ਪੰਜਾਬੀ ਬਾਈ ਨੇਚਰ ਤਿਲਾਂ ਦਾ ਤੇਲ 1L 8.99 ea
JABSON'S GACHAKS ਜੈਬਸਨਜ਼ ਗੱਚਕ Asst., 400g 4.99 ea
BC CABBAGE ਬੀਸੀ ਪੱਤ ਗੋਭੀ 69¢ /lb
NPS #1 ALMONDS ਬਦਾਮ 5.99 /lb
BC POTATOES ਆਲੂ 10lb 2.49 ea
GREEN PEPPERS ਹਰੀਆਂ ਸ਼ਿਮਲਾ ਮਿਰਚਾਂ 1.29 /lb
LARGE SEEDLESS ORANGES ਵੱਡੇ ਸੰਗਤਰੇ 99¢ /lb
FRESH TOMATOES ਟਮਾਟਰ 1.89 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. February 06, 2026 - Wed. February 11, 2026
MasterCard VISA AMERICAN EXPRESS Interac
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
You can also visit us online at www.sabzimandicanada.com
Prices in effect at the above listed store locations only.